17 A
1948
Pren.

NATIONAL ARCHIVES LIBRARY
GOVERNMENT OF INDIA
NEW DELHI.

1048/9.18

Call No.

Accession No. 1948

GIPNLK—7/DAND—5-9-60—15,000

ਸਭ ਹੱਕ ਰਾਖਵੇਂ ਹਨ

੧ ੳ ਵਾਹਿਗੁਰੂਜੀਕੀਫਤਹ ॥

# ਸ਼ਹੀਦੀ ਪ੍ਰੇਮ

ਅਰਥਾਤ

## ਪ੍ਰੇਮ ਮਾਰਗ ਦੇ ਪੰਧਾਊਆਂ

ਮਿਲਨ ਦਾ ਪਤਾਃ—

**ਭਾਈ ਭੋਲਾ ਸਿੰਘ ਮੇਹਰ ਸਿੰਘ**

ਪੁਸਤਕਾਂ ਛਾਪਣ ਤੇ ਵੇਚਣ ਵਾਲੇ,

ਮਾਲਕ ਅਕਾਲ ਕੁਟੀਆ ਬੁਕ ਡੀਪੋ,

ਬਾਜ਼ਾਰ ਮਾਈ ਸੇਵਾਂ ਅੰਮ੍ਰਿਤਸਰ ।

ਮੁਲ ≡) ਤਿੰਨ ਆਨੇ

ਹੱਕ ਰਾਖਵੇਂ ਹਨ ॥

੧ ਓ ਸਤਿਗੁਰਪ੍ਰਸਾਦਿ ॥

# ਪ੍ਰੇਮ ਮਾਰਗ

ਦੇ

## ਪੰਧਾਊ

ਅਰਥਾਤ

## ਨਨਕਾਣੇ ਦੇ ਸਿੱਦਕੀ ਜੋਧਿਆਂ ਦੀ ਸ਼ਹੀਦੀ ਦੇ

ਦਿੱਲ ਚੀਰਵੇਂ ਸਮਾਚਾਰ !

ਰਚਿੱਤ

ਸ੍ਰਦਾਰ ਅਵਤਾਰ ਸਿੰਘ ਜੀ "ਆਜ਼ਾਦ"

ਪ੍ਰਕਾਸ਼ਕ

ਖਾਲਸਾ ਡਰਾਮਟਿਕ ਏਜੰਸੀ ਸ੍ਰੀ ਅੰਮ੍ਰਿਤਸਰ।

੨੦ ਫਰਵਰੀ ੧੯੨੪

"ਪੰਜਾਬਖਾਲਸਾਪ੍ਰੈਸ" ਅੰਮ੍ਰਿਤਸ੍ਰ ਬਾਜ਼ਾਰ ਮਾਈ ਸੇਵਾਂ ਵਿਚ
ਸ੍ਰ: ਤਾਰਾ ਸਿੰਘ 'ਸ਼ਾਦ' ਪ੍ਰਿੰਟਰ ਦੇ ਪ੍ਰਬੰਧ ਨਾਲ ਛਪਿਆ।

# ਸਮਰਪਨ !

ਮੈਂ ਇਹ ਨਿਮਾਣੀ ਤੇ ਨਾਚੀਜ਼ ਪੁਸਤਕ ਆਪਣੇ ਪਰਮ ਸਨੇਹੀ ਤੇ ਸਚੇ ਮਿਤਰ ਸਰਦਾਰ ਮਖਣ ਸਿੰਘ ਜੀ ਭੰਬ ਕਲਾਂ (ਜਿਨ੍ਹਾਂ ਦੇ ਕਈ ਇਹਸਾਨ ਏਸ ਕੀਟ ਪਰ ਹਨ,) ਦੀ ਸੇਵਾ ਵਿਚ ਸਾਦਰ ਸਮਰਪਨ ਕਰਦਾ ਹਾਂ, ਉਮੈਦ ਹੈ ਕਿ ਮੇਰੀ ਏਸ ਤੁਛ ਭੇਟਾ ਨੂੰ ਕਿਰਪਾਲਤਾ ਸੈਹਤ ਸਵੀਕਾਰ ਕਰਨਗੇ।

ਨਿਮਾਣਾ ਸੇਵਕ "ਆਜ਼ਾਦ"

NATIONAL ARCHIVES LIBRARY
No 1948
Date 1.2.72
GOVT. OF INDIA

੧ ਓ ਸਤਿਗੁਰਪ੍ਰਸਾਦਿ ॥

# ਭੂਮਕਾ !

ਜਿਨਾਂ ਚਿਰ ਕਿਸੇ ਕੌਮ ਦੇ ਅੰਦਰ ਸ਼ਹੀਦੀ ਤਾਕਤ ਪਰਦਾਨ ਨਹੀਂ ਹੋ ਸਕਦੀ ਉੱਨਾ ਚਿਰ ਓਹ ਕੌਮ ਥੋਥੀ ਤੇ ਨਕਾਰੀ ਹੀ ਰੈਂਹਦੀ ਹੈ। ਸ਼ਹੀਦਾਂ ਦਾ ਖ਼ੂਨ ਹੀ ਇਕ ਐਸੀ ਅਕ੍ਸੀਰ ਹੈ ਜੇਹੜਾ ਕਿ ਕੌਮਾਂ ਨੂੰ ਸੁਤਿਆਂ ਤੋਂ ਉਠਾਂਦਾ ਅਤੇ ਸਦਾ ਲਈ ਅਮਰ ਬਨਾਂਦਾ ਹੈ। ਅਸਲ ਵਿਚ ਕੌਮਾਂ ਇਕ ਖੇਤੀ ਦੀ ਨਿਆਈ ਹੁੰਦੀਆਂ ਹਨ ਤੇ ਜਿਸ ਖੇਤੀ ਦੇ ਵਾਸ੍ਤੇ ਪਾਨੀ ਤੇ ਖਾਦ ਦੀ ਜ਼ਰੂਰਤ ਅਵਸ ਪੈਂਦੀ ਹੈ। ਸ਼ਹੀਦਾਂ ਦਾ ਖ਼ੂਨ ਕੌਮਾਂ ਨੂੰ ਪਾਣੀ ਬਣਕੇ ਪ੍ਰਫੁਲਤ ਕਰਦਾ ਤੇ ਸ਼ਹੀਦਾਂ ਦੀ ਹੱਡੀਆਂ ਕੌਮਾਂ ਨੂੰ ਖਾਦ ਹੋ ਸਰਸਬਜ਼ ਕਰਦੀਆਂ ਹਨ ਸਿਟਾ ਇਹ ਕਿ **ਸ਼ਹੀਦੀ ਰੂਹਾਂ ਹੀ ਕੌਮਾਂਦੀ ਜ਼ਿੰਦਗੀ ਦਾ ਅਧਾਰ ਹਨ ਤੇ ਜੇਹੜੀਆਂ ਕੌਮਾਂ ਇਸ ਅਧਾਰ ਪੂਰ ਅਮਲ ਕਰਦੀਆਂ ਹਨ ਓਹ ਸਦਾ ਵਾਸਤੇ ਅਜਰ ਤੇ ਅਮਰ ਹੋ ਜਾਂਦੀਆਂਹਨ।**

ਖਾਲਸਾ ਕੌਮ ਦੇ ਇਤਿਹਾਸ ਜਾਣਨ ਵਾਲੇ ਭਲੀ ਪ੍ਰਕਾਰ ਜਾਣਦੇ ਹੋਣਗੇ। ਕਿ ਖਾਲਸਾ ਕੌਮ ਦੀ ਜੀਵਨ ਬੂਟੀ ਹੀ ਸ਼ਹੀਦੀ ਰੂਹਾਂ ਹਨ। ਤੇ ਇਸਦੀ ਨੀਂਹ ਹੀ ਸ਼ਹੀਦਾ ਦੇ ਸਿਰਾਂ ਪੁਰ ਰਖੀ ਗਈ ਹੈ। ਸ਼੍ਰੀ ਗੁਰੂ ਅਰਜਨ ਦੇਵ ਜੀ ਦਾ ਧਰਮ ਹਿਤ ਤੱਤੀਆਂ ਤਵੀਆਂ ਪੁਰ ਬੈਠਣਾ ਉਬਲਦੀਆਂ

ਓ ਬਾਲਿਆ ਜਾਣਾ ਤੇ ਸੜਦੀ ਬਲਦੀ ਰੇਤ
ਰ ਕਿ ਬੇਜਾਨ ਦਾਣੇ ਵੀ ਖਿਲਾਂ ਹੋ ਜਾਂਦੇ ਹਨ )
ੇਰ ਪੂਰ ਪਵਾਣੀ ਸਾਡੇ ਏਸ ਕਥਨ ਦੀ ਪੈਹਲੀ ਤੇ
ਵਚੋਂ ਅਦੁਤੀ ਦਲੀਲ ਹੈ। ਗੁਰੂ ਤੇਗ਼ ਬਹਾਦੁਰ ਜੀ
ਣ ਥਾਂ ਦੀ ਰਖਿਆ ਹਿਤ ਦਿੱਲੀ ਵਿਚ ਜਾਕੇ ਸੀਸ
ਦੇ ਖਿ ਸਿਰੜ ਨਾ ਛਡਣਾ ਸ਼ਹੀਦੀ ਦਾ ਦੂਜਾ ਸਾਕਾ ਹੈ। ਏਸੇ ਤਰਾਂ ਭਾਈ ਮਤੀ ਦਾਸ ਜੀ ਦਾ ਆਰੇ ਥੱਲੇ ਸੀਸ ਚਰਵਾਂਦਿਆਂ ਹੋਇਆਂ "ਆਰਾ ਪਿਆਰਾ ਲਗਤ ਹੈ ਕਾਰਾ ਕਰੋ ਬਨਾਇ, ਸੀਸ ਜਾਇ ਤਾਂ ਜਾਣ ਦਿਓ ਸਿੱਖੀ ਸਿਦਕ ਨਾ ਜਾਏ"! ਆਖਣਾ ਭਾ: ਦਿਆਲੇ ਜੀ ਦਾ ਦੇਗੇ ਵਿੱਚ ਉਬਲਦਿਆਂ ਹੋਇਆਂ ਵੀ "**ਪਿਰ ਕੀ ਆਗਿਆ ਮੀਠੀ ਲਾਗੀ**" ਕੈਹਣਾ ਸਿੱਖ ਕੌਮ ਦੇ ਏਸ ਅਸੂਲ ਨੂੰ ਹੋਰ ਵੀ ਚਮਕੌਂਦਾ ਹੈ। ਦੋ ਜਹਾਨ ਦੇ ਵਾਲੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਖਾਲਸਾ ਪੰਥ ਨੂੰ ਅੰਮ੍ਰਤ ਦੀ ਦਾਤ ਦੇਣ ਵੇਲੇ ਹੀ ਸੀਸ ਮੰਗਕੇ ਤੇ ਲੈਕੇ ਅੰਮ੍ਰਤ ਪ੍ਰਦਾਨ ਕੀਤਾ ਸੀ। ਅਤੇ ਸ਼ਹੀਦੀ ਦੀ ਸਿੱਖਰਲੀ ਮੰਜਲ ਨੂੰ ਪੂਰਾ ਕਰਨ ਹਿਤ ਆਪਣੇ ਚੌਂਹ ਹੀ ਜਿਗਰ ਦੇ ਟੋਟਿਆਂ ਨੂੰ ਹੱਸ ਹੱਸਕੇ ਕੌਮ ਦੀ ਅਟਲਤਾ ਦੇ ਵਾਸਤੇ ਸ਼ਹੀਦੀ ਲੈਣ ਹਿਤ ਆਪਣੀ ਹੱਥੀ ਕਾਤਲਾਂ ਦੇ ਸਪੁਰਦ ਕਰਦਿਆਂ ਹੋਇਆਂ ਨੇ "**ਤੇਰੀ ਅਮਾਨਤ ਆਜ ਮੁਝ ਸੇ ਅਦਾ ਹੂਈ**" ਆਖਿਆ ਸੀ ਸਾਡੇ ਗੁਰੂ ਸਾਹਿਬਾਂ ਦਾ ਏਸ ਤ੍ਰਾਂ ਕੁਰਬਾਨੀਆਂ ਕਰਕੇ ਸ਼ਹੀਦ ਹੋਣਾ ਹੀ ਸਿੱਖ ਕੌਮ ਦੀਆਂ ਜੜ੍ਹਾਂ ਪਾਤਾਲ ਤਕ

ਘੁਲਾ ਗਿਆ ਸੀ ਤੇ ਏਸੇ ਆਧਾਰ ਪੁਰ ਹੀ ਲੱਖਾਂ [illegible] ਲਾਲ ਕੌਮ ਨੂੰ ਚਾਰ ਚੰਦ ਲੌਣ ਵਾਸਤੇ ਹਜ਼ਾਰਾਂ ਤ੍ਰਾਂ [illegible] ਸਹਾਰਦੇ ਹੋਏ ਬੰਦ ਕਟਾ ਤੇ ਖੋਪਰੇ ਲੁਹਾ ਗੁਰੂ ਚਰਨ [illegible] ਜਾ ਬ੍ਰਾਜੇ ਸੀ। ਗੁਰੂ ਸਾਹਿਬਾਂ ਦੇ ਸ਼ਹੀਦੀ ਖੂਨ ਦੀ ਬਰਕਤ [illegible] ਕਿ ਮੀਰ ਮੰਨੂ ਦੇ ਵੇਲੇ ਹਜ਼ਾਰਾਂ ਸਿੰਘਣੀਆਂ ਕਈ [illegible] ਰਤ ਕਸ਼ਟ ਤੇ ਤਸੀਹੇ ਸਹਾਰ ਸਿਖੀ ਸਿਦਕ ਨਿਭਾ ਗਈਆਂ [illegible] ਨਨਕਾਣੇ ਸਾਹਿਬ ਵਿਚ ਕਿਉਂ ਸ਼ਹੀਦੀਆਂ ਹਈਆਂ ? ਨਨਕਾਣੇ ਸਾਹਿਬ ਵਿਚ ਗੁਰ ਸਿੱਖਾਂ ਨੇ ਕਿਉਂ ਐਨੇ ਕਸ਼ਟ ਸਹਾਰਦਿਆਂ ਹੋਇਆਂ ਨੇ 'ਸੀ' ਨਾ ਸੀ ਕੀਤੀ ? ਉਨਾ ਪ੍ਰੇਮੀਆਂ ਨੂੰ ਕਾਹਦਾ ਚਾਓ ਸੀ ਕਿ ਜੰਡਾਂ ਨਾਲ ਬੱਝ ੨ ਕੇ ਸੜਦਿਆਂ ਤੇ ਭੱਠੀਆਂ ਵਿਚ ਲੂਸਦਿਆਂ ਨੇ ਵੀ ਮੌਤ ਨੂੰ ਜੀ ਆਇਆਂ ਆਖਿਆ ਤੇ ਭਾਣੇ ਨੂੰ ਮਿਠਾ ਕਰਕੇ ਮੰਨਿਆ ਸੀ ? ਇਨ੍ਹਾਂ ਸਾਰੀਆਂ ਗਲਾਂ ਦਾ ਉਤਰ ਜੇ ਪੁਛਣਾ ਚਾਹੋ ਤਾਂ ਕੇਵਲ ਈਹੋ ਹੈ ਕਿ ਓਹ **ਪਿਆਰੇ ਧਰਮ ਨੂੰ ਨਵੇਂ ਸਿਰਓਂ ਪਰਦਾਨ ਕਰਨਾ ਤੇ ਸੁੱਤੀ ਹੋਈ ਕੌਮ ਨੂੰ ਹਲੂਣਾ ਦੇ ਉਠਾਣਾ ਚ ਹੁੰਦੇ ਸਨ** ਕੀ ਉਨਾਂ ਦੀ ਕੁਰਬਾਨੀ ਫਲ ਲਿਆਈ ? ਕੀ ਕੌਮ ਉਠ ਬੈਠੀ ? ਇਸਦਾ ਉਤਰ ਪਿਛਲੇ ਤਿਨਾਂ ਸਾਲਾਂ ਵਿਚ ਭਲੀ ਪ੍ਰਕਾਰ ਮਿਲ ਚੁਕਿਆ ਹੈ ਜਿਸਦੀਆਂ ਗਵਾਹੀਆਂ ਕੁੰਜੀਆਂ ਦਾ ਮਾਮਲਾ ਤੇ ਗੁਰੂ ਕੇ ਬਾਗ ਦਾ ਖੂਨੀ ਡਰਾਮਾ ਹੋ ਚੁਕੀਆਂ ਹਨ ਤੇ ਅੱਜ ਜੇਹੜਾ ਨਵਾਂ ਸਾਕਾ ਜੈਤੋ ਵਿੱਚ ਹੋਇਆ ਹੈ ਇਹ ਉਨਾਂ ਦੀ ਕੁਰਬਾਨੀ ਦਾ ਅਦੁਤੀ ਫਲ ਹੈ ॥

ਪਾਠਕੋ ! ਉਹ ਸਮਾਂ ਸੀ ਉਨਾਂ ਦੀ ਕੁਰਬਾਨੀਆਂ ਦੇ ਵੇਖਣ ਦਾ, ਜਦੋਂ ਪੰਜ ਸੌ ਸਿਦਕੀਆਂ ਦਾ ਜੱਥਾ ਸ੍ਰੀ ਅਕਾਲ ਤਖਤ ਜੀ ਦੀ ਹਜ਼ੂਰੀ ਵਿੱਚ ਆਕੇ ਪਿਆਰੇ ਦੀ ਭੇਟਾ ਅਪਣੇ ਸੀਸ ਅਰਪਨ ਕਰ ਰਿਹਾ ਸੀ ਤੇ ਉਹ ਸਮਾਂ ਸੀ ਸ਼ਹੀਦੀ ਖੂਨ ਦ ਬਰਕਤ ਦਾ ਜਦ ਕਿ ਕਈ ਪ੍ਰੇਮੀ ਸ਼ਹੀਦੀ ਜੱਥੇ ਵਿਚ ਅਵਸਰ ਨ ਮਿਲਨ ਕਰਕੇ ਰੋ ਰੋ ਫਾਵੇ ਹੋ ਰਹੇ ਤੇ ਪ੍ਰਬੰਧਕਾਂ ਅੱਗੇ ਹਾੜੇ ਕਰ ਰਹੇ ਸਨ ਕਿ ਸਾਨੂੰ ਜ਼ਰੂਰ ਜਤੋ ਭੇਜਿਆਜਾਵੇ, ਆਹਾ ! ਸ਼ਹੀਦਾਂ ਦੇ ਚੇਹਰੇ ਲਾਲ ਸਨ ਦਿਲਾਂ ਵਿੱਚ ਚਾਓ ਸਨ ਕਿ ਅਸੀਂ ਅੱਜ ਪ੍ਰੀਤਮ ਦੁਵਾਰੇ ਦੀਆਂ ਝਾਕੀਆਂ ਲੈਣ ਤੁਰੇ ਜਾ ਰਹੇ ਹਾਂ ਸੈਂਕੜੇ ਕੋਹਾਂ ਪੈਂਡਾ ਤੁਰਕੇ ਕਰਦਿਆਂ ਹੋਇਆਂ ਦਾ ਜੈਤੋ ਪੁਜ ਜਾਣਾ ਭਾਈ ਲਛਮਨ ਸਿੰਘ, ਭਾਈ ਦਲੀਪ ਸਿੰਘ ਹੁਰਾਂ ਦੀਆਂ ਕੁਰਬਾਨੀਆਂ ਦਾ ਸ਼ਾਨਦਾਰ ਨਜ਼ਾਰਾ ਸੀ ਸਾਨੂੰ ਸ਼ਹੀਦੀ ਖੂਨ ਦਾ ਅਸਰ ਭਲੀ ਪ੍ਰਕਾਰ ਉਦੋਂ ਮਲੂਮ ਹੋਇਆ ਜਦ ਕਿ ਤਾੜ ਤਾੜ ਗੋਲੀ ਆਈ ਤੇ ਕਈਆਂ ਗੁਰੂ ਦੇ ਪ੍ਰਵਾਨਿਆਂ ਨੂੰ ਪਾਰ ਕਰ ਗਈ ਪਰ ਕੀ ਕੋਇ ਪਿਛੇ ਹੱਟਿਆ ? ਕੀ ਕਿਸੇ ਨੇ ਮੌਤੋਂ ਡਰ ਕੇ ਪੈਰ ਪਿਛਾਂਹ ਕੀਤੇ ? ਕੀ ਕਿਸੇ ਨੇ ਮੌਤ ਨੂੰ ਸਵੇਂ ਖੜੋਤਾ ਤਕ ਚੀਕ ਚਕਾੜਾ ਕੀਤਾ ? ਨਹੀਂ ! ਹਰਗਿਜ਼ ਨਹੀਂ !! * ਹੱਸ ਹੱਸ ਕੇ ਗੋਲੀਆਂ ਅਗੇ ਛਾਤੀਆਂ ਡਾਹੀਆਂ ਪ੍ਰੀਤਮ ਦੁਵਾਰੇ ਦੇ ਦਰਸ਼ ਹਿੱਤ ਇਕ ਤੋਂ ਇਕ ਅਗੇ ਹੋਕੇ ਕੁਰਬਾਨੀ ਦਾ

---

*ਜੈਤੋ ਦੇ ਸਮਾਚਾਰ ਪੂਰੀ ਤਰਾਂ ਮਲੂਮ ਕਰਕੇ ਛੇਤੀ ਹੀ ਦਾਸ ਹੀ ਕਲਮ ਤੋਂ ਨਿਕਲਨਗੇ ਪਾਠਕ ਉਡੀਕ ਰਖਣ ॥

ਯੱਗ ਦੇਵੀ ਨੂੰ ਪ੍ਰਸਿਨ ਕਰਨ ਹਿੱਤ ਮਰਦੇ ਮੈਦਾਂ ਹੋਕੇ ਨਿੱਤ-ਰਿਆ ਕੀ ਇਹ ਸ਼ਹੀਦਾਂ ਦੀ ਕੁਰਬਾਨੀ ਦਾ ਪੱਕਾ ਸਬੂਤ ਨਹੀਂ ਸੀ ਕਿ ਦਰਸ਼ਨ ਅਭਲਾਖੀ ਸੰਗਤਾਂ ਵੀ ਛਾਤੀਆਂ ਤਾਣ ਕੇ ਗੋਲੀਆਂ ਦਾ ਸਵਾਗਤ ਕਰ ਰਹੀਆਂ ਸਨ ? ਕੀ ਸਾਨੂੰ ਓਦੋਂ ਵੀ ਮਲੂਮ ਨ ਹੋਇਆ ਕਿ ਜਦ ਕਈ ਮਾਈਆਂ ਸ਼ਹੀਦੀ ਲੈਣ ਵਾਸਤੇ ਅਗੇ ਵੱਧ ੨ ਕੇ ਗੋਲੀਆਂ ਖਾ ਰਹੀਆਂ ਸਨ ਇਹ ਪਰਚੇ ਤੇ,ਕਰੜੇ ਪਰਚੇ ਕੌਣ ਹੱਲ ਕਰਾ ਰਿਹਾਸੀ? ਕੇਵਲ ਸਿੱਖ ਧਰਮ ਤੇ ਉਸ ਦੀਆਂ ਪੁਰਾਤਨ ਤੇ ਨਵੀਨ ਸ਼ਹੀਦੀਆਂ ! ਮਾਨਯੋਗ ਪਾਠਕੋ ! ਸਾਨੂੰ ਫਖਰ ਕਰਨਾ ਚਾਹੀਦਾ ਹੈ ਨਨਕਾਣੇ ਦੇ ਸ਼ਹੀਦਾਂ ਦੀ ਕੁਰਬਾਨੀਆਂ ਪੁਰ ਜਿਨਾਂ ਨੇ ਆਪ ਅਸਹਿ ਕਸ਼ਟ ਸਹਾਰ ਕੇ ਕੌਮ ਨੂੰ ਉਠਾਇਆ ਤੇ ਸਿੱਖ ਪੰਥ ਵਿੱਚ ਫੇਰ ਨਵੇਂ ਸਿਰਿਓਂ ਇਹ ਸ਼ਕਤੀ ਪ੍ਰਦਾਨ ਕੀਤੀ ਕਿ ਸਿੱਖ ਕੌਮ ਦੇ ਬੱਚੇ ਬੱਚੀਆਂ ਕੁਰਬਾਨੀ ਦੇ ਮੈਦਾਨ ਵਿੱਚ ਨਿੱਤਰ ਕੇ ਲੋਕਾਂ ਨੂੰ ਚਕ੍ਰਿਤ ਕਰ ਦੇਣ ਹਾਂ! ਹਾਂ!! ਅੱਜ ਪੰਥ ਜਾਗ ਪਿਆ ਹੈ ਅੱਜ ਪੰਥ ਦਾ ਤੇਜ ਪ੍ਰਕਾਸ਼ ਦੂਤੀ ਦਵੈਖੀਆਂ ਦੀਆਂ ਅੱਖਾਂ ਚਕਾਚੌਂਦ ਕਰ ਰਿਹਾ ਹੈ ਤੇ ਅੱਜ ਸ਼ਹੀਦੀਆਂਦਾ ਮੈਦਾਨ ਜ਼ੋਰਾਂ ਪੁਰ ਗਰਮ ਨਜ਼ਰ ਆਉਂਦਾਹੈ ॥

ਅਸੀਂ ਅੰਤਮ ਸਿਟੇ ਤੇ ਪੁਜਦੇ ਹੋਏ ਇਹ ਨਤੀਜਾ ਕੱਢਦੇ ਹਾਂ ਕਿ ਕੁਰਬਾਨੀ ਤੋਂ ਸਿਵਾ ਦੁਨੀਆਂ ਦੀ ਕੌਮ ਵੀ ਜੀਉਂਦੀ ਨਹੀਂ ਰੈਹ ਸਕਦੀ ਤੇ ਆਪ ਕੁਰਬਾਨੀ ਕਰਨ ਵਾਲੀਆਂ ਕੌਮਾਂ ਸੂਰਜ ਚੰਦ ਹੋ ਚਮਕਦੀਆਂ ਤੇ ਚ੍ਰਿੰਜੀਵ ਹੋਂਦੀਆਂ ਹਨ, ਖਾਲਸਾ ਜੀ ! ਨਨਕਾਣੇ ਦੇ ਸ਼ਹੀਦਾਂ ਨੇ ਆਪਣਾ ਫਰਜ ਪੂਰੀਤਰਾਂ ਨਿਭਾਇਆ ਸੀ ਤੇ ਜਿਸਦੀ ਝਾਕੀ

ਅਜ ਪੂਰਨ ਦਿਸ ਰਹੀ ਹੈ, ਓਹ ਸ਼ਹੀਦੀਆਂ ਸਫਲੀਆਂ ਹੋਈਆਂ ਹਨ ਤੇ ਇਹ ਕਹਾਵਤ ਕਿ **'ਇਕ ਇਕ ਸ਼ਹੀਦ ਦੇ ਖੂੰਨ ਦਾ ਇਕ ਇਕ ਕਤਰਾ ਹਜ਼ਰਾਂ ਸ਼ਹੀਦ ਪੈਦਾ ਕਰਨ ਦੀ ਸ਼ਕਤੀ ਰਖਦਾ ਹੈ,** ਸੱਚਾ ਸਾਬਤ ਹੋ ਰਿਹਾ ਹੈ, ਗੁਰੂ ਘਰ ਦੇ ਸਰਧਾਲੂਓ ! ਏਸੇ ਗਲ ਨੂੰ ਠੀਕ ਸਾਬਤ ਕਰਨ ਵਾਸਤੇ ਦਾਸ ਨੇ ਨਮਾਣੀ ਕੋਸ਼ਿਸ਼ ਨਾਲ ਇਹ ਦੋ ਲੇਖ ਤੇ ਕਵਿਤਾਂ ਦਾ ਸੰਗ੍ਰਹਿ ਕਰਕੇ ਛਪਵੌਣ ਦੀ ਉਮੰਗ ਕੀਤੀ ਹੈ ਸੋ ਮੈਨੂੰ ਪੱਕੀ ਉਮੈਦ ਹੈ ਕਿ ਇਹ ਤੁੱਛ ਜੇਹਾ ਟ੍ਰੈਕਟ ਸਾਨੂੰ ਜ਼ਮਾਨਾ ਹਾਲ ਵਿੱਚ ਇਕ ਖਾਸ ਹਨੇਰੇ ਵਿੱਚ ਲਾਲਟੈਨ ਦਾ ਕੰਮ ਦੇਵੇਗਾ ਤੇ ਇਹ ਕਹਾਣੀਆਂ ਪੰਜਾਬੀ ਜਾਨਣ ਵਾਲੇ ਸਜਣਾਂ ਨੂੰ ਪ੍ਰਸਿੰਨ ਕਰਨ ਵਿੱਚ ਬੌਹਤ ਕੁਛ ਮਦਦ ਦੇਣਗੀਆਂ ਆਸ਼ਾ ਹੈ ਕਿ ਪਾਠਕ ਜਨ ਵਿਚਾਰ ਨਾਲ ਪੜ੍ਹਦੇ ਹੋਏ ਦਾਸ ( ਲੇਖਕ ) ਦਾ ਹੌਂਸਲਾ ਵਧੌਣ ਤੇ ਪੰਜਾਬੀ ਦੇ ਭੰਡਾਰੇ ਨੂੰ ਹੋਰ ਭਰਨ ਵਾਸਤੇ ਉਤਸ਼ਾਹ ਵਧੌਣ ਵਿੱਚ ਮਦਦ ਦੇਣਗੇ ॥

ਅੰਮ੍ਰਿਤਸਰ<br>
੨੪ ਫਰਵਰੀ ੧੯੨੪

ਨਮਾਣਾ ਸੇਵਕ<br>
ਅਵਤਾਰ ਸਿੰਘ 'ਆਜ਼ਾਦ'

ੴ ਸਤਿਗੁਰ ਪ੍ਰਸਾਦਿ ॥

# ਲਹੂ ਦੇ ਗੁਲਾਲ ਨਾਲ ਖੇਲੀ-ਦੀਆਂ ਹੋਲੀਆਂ।

ਗੁਰੂ ਦੇ ਦਵਾਰੇ ਜਦੋਂ ਸੁਣੇ ਹੁੰਦੇ ਪਾਪ ਭਾਰੇ,
ਬੀਰ ਤਾਂ ਅਕਾਲੀ ਆ ਗਏ ਬੰਨ੍ਹ ਬੰਨ੍ਹ ਟੋਲੀਆਂ।
ਰੱਤ ਡੋਲ ਆਪਣੀ ਰੁੜ੍ਹਾਨ ਪਾਪ ਕੈਹਰ ਤਾਂਈ,
ਪਾਪੀਆਂ ਦੇ ਹਥੋਂ ਯੋਧੇ ਖਾਣ ਚਲੇ ਗੋਲੀਆਂ।
ਜਾਬਰਾਂ ਦੀ ਜਾਬਰੀ ਨੂੰ ਸਾਬਰ ਹਟੌਣ ਤੁਰੇ,
ਸ਼ਹੀਦੀ ਦਵਾਰੇ ਚਲੇ ਲੈਣ ਮੁਕਤ ਡੋਲੀਆਂ।
ਜਾਏ ਨਨਕਾਣ ਸੀਸ ਆਪਣੇ ਘੁਮਾਏ ਕਰ,
ਮਾਹੀਏਦੀ ਖਾਕ ਉਤੋਂ ਦੇਹਾਂ ਤੁੱਛ ਰੋਲੀਆਂ।
ਅਹੋ ਧੰਨ ਭਾਗ ਜਾਨ ਆਪ ਵਡਭਾਗ ਬੀਰਾਂ,
ਜਾਨ ਤਾਂ ਸ਼ਹੀਦੀ ਰੁਤ ਜਿੰਦੜੀਆਂ ਘੋਲੀਆਂ।
ਬਣਕੇ ਪਤੰਗ ਅੰਗ ਆਪਣੇ ਜਲਾਏ ਕੇਤੇ,
ਹੋਇਕੇ ਨਸ਼ੰਗ ਚੰਨਾਂ ਰੰਗ ਲਈਆਂ ਚੋਲੀਆਂ।
ਪਾਕ ਅਕਸੀਰਜਾਣ ਪ੍ਰੀਤਮੇ ਦੀ ਖਾਕ ਤਾਂਈ,
ਚਾਕ ਵਾਂਗ ਸੋਹਣੇ ਜੇਹੇ ਬੀਰਾਂ ਖਾਇ ਬੋਲੀਆਂ।
ਵਿਚ ਨਨਕਾਣੇ ਕੈਹਰਝੱਲ ਜਰਵਾਣਿਆਂ ਦਾ,
ਸ਼ਹੀਦੀ ਸੰਦੀ ਦਾਤ ਦੀਆਂ ਭਰੀਆਂ ਸੀ ਝੋਲੀਆਂ।
ਸੋਹਣੀ ਤਾਂ ਬਸੰਤ ਆਈ ਜਾਣ ਓਨਾਂ ਪ੍ਰੇਮੀਆਂ ਨੇ,
ਸਿਦਕ ਯਕੀਨ ਨਾਲ ਭੁਜਾ ਸੀਗ ਤੋਲੀਆਂ।

ਜਿੰਦਾਂ ਨੂੰ ਘੁਮਾਂਣੇ ਅਤੇ ਸਿਰਾਂ ਦੇ ਲਗਾਣੇ ਲਈ,
ਵਿਚ ਨਨਕਾਣੇ ਜਾਇ ਰੀਢਾਂ ਆਪ ਖੋਲੀਆਂ।
ਭੇਟਾ ਰਖ ਸੀਸ ਦਿਤੇ ਜਾਇ ਦਿਲਦਾਰ ਪਾਸ,
ਪਾਪ,ਅਨਿਆਂ,ਦੀਆਂ ਵਾਰਤਾਂ ਸੀ ਫੋਲੀਆਂ।
ਕੀਮਾਂ ਕੀਮਾਂ ਹੋਕੇ ਵਿਚ ਭੱਠੀਆਂ ਦੇ ਲੂਸ ਕੇਤੇ,
ਲਹੂ ਦੇ ਗੁਲਾਲ ਨਾਲ ਖੇਲੀਆਂਸੀ ਹੋਲੀਆਂ।
ਦੱਸਣੇ ਦੇ ਲਈ ਸਾਕਾ ਗੁਰੂ ਅਤੇ ਸਿਖਵਾਲਾ,
ਗੁਰੁ ਦੇ ਪਿਆਰਿਆਂ ਨੇ ਜਾਨਾਂ ਸੀਗ ਘੋਲੀਆਂ।
ਜੰਡਾਂ ਨਾਲ ਬੱਝ ਬੱਝ ਛਵ੍ਹੀਆਂ ਸਹਾਰ ਕਰ,
ਹਸ ਹਸ ਖਿੜੇ ਮਥੇ ਖਾਦੀਆਂ ਸੀ ਗੋਲੀਆਂ।
ਗਲਾਂ ਨਾਲ ਮਿਲੇ ਨਾ ਪ੍ਰੀਤਮ ਕਦਾਂਈ ਯਾਰੋ,
ਪੀਆਦੇ ਮਿਲਾਪ ਲਈ ਛਾਤੀਆਂ ਜੇ ਸੋਲੀਆਂ।
ਆਂਵਦੀ ਸ਼ਹੀਦੀ ਰੁਤ ਜਦੋਂ ਬੀਰ ਖਾਲਸਾ ਜੀ,
ਲਹੂਦੇ ਗੁਲਾਲ ਨਾਲ ਖੇਲਦੀਆਂ ਹੋਲੀਆਂ।

# ਪ੍ਰੀਤਮ ਦੇ ਰਸਤੇ ਦੇ ਪਾਂਧੀ ਜੀਊੜੇ ਉਚੀ ਦਾਤ ਸ਼ਹੀਦੀ ਦੀ ਦੇਂਈ ਪਿਆਰੇ ਤੇਰੇ ਦਰ ਤੋਂ ਹੋਣ ਕੁਰਬਾਨ ਚੱਲੇ

ਵਾਹ ਓਇ ਪ੍ਰੇਮ ਮਾਰਗ ! ਤੂੰ ਵੀ ਕੇਹੀ ਅਜਬ ਵਸਤੂ ਹੈਂ ਜਿਨ ਜਿਨ ਤੇਰਾ ਰਾਹ ਮਲਿਆ ਓਸ ਹੀ ਜਾਨ ਨੂੰ ਜੋਖੋ ਵਿਚ ਪਾਕੇ ਲਾਈ ਨਿਭੋਹਣ ਦੀ ਖਾਤਰ ਕਠਨ ਤੋਂ ਕਠਨ ਵਧ ਤੋਂ ਵਧ ਜ਼ੁਲਮਾਂ ਨੂੰ ਸਹਾਰਨ ਵਾਸਤੇ ਆਪਣੇ ਸਰੀਰ ਨੂੰ ਅਜ਼ਮਾਉਣ ਦੇ ਤਖਤੇ ਬਣਾਇਆ, ਆਹ ਹਾ !! ਜੋ

ਪਤੰਗੇ ਨੂੰ ਤੇਰੀ ਰਤੀ ਕੁ ਭਾਹ ਲੱਗੀ ਓਸ ਝੱਟ ਤੇਰੇ ਮਾਰਗ ਦੇ ਪੰਧ ਵਿਚ ਜਿਸਮ ਨੂੰ ਜਲਵਾ ਲਿਆ ਮਨਸੂਰ ਨੇ ਤੇਰੀ ਗਲੀ ਵਿਚ ਪੈਰ ਪਾਇਆ ਸੂਲੀ ਪੁਰ ਚੜ੍ਹ ਗਿਆ ਪਰ ਤੈਥੀਂ ਪਿਛੇ ਨਾ ਹਟਿਆ ਸ਼ਮਸਤਬਰੇਜ ਨੇ ਵੀ ਤੈਥੋਂ ਹੀ ਪ੍ਰੇਮ ਦੀ ਸ਼ਰਾਬ ਦਾ ਪਿਆਲਾ ਪੀਤਾ ਜਿਸਨੇ ਓਸ ਨੂੰ ਐਸ ਕਦਰ ਖੀਵਾ ਕਰਦਿੱਤਾ ਕਿ ਤਨ ਬਦਨ ਦੀ ਸੁਧ ਹੀ ਨਾ ਰਹੀ। ਵਾਹ ! ਫਰਿਹਾਦ ਤੇਰੇ ਨਾਮ ਤੋਂ ਸਦਕੇ ਪ੍ਰੇਮਦੀ ਲਗਨ ਵਿਚ ਪਹਾੜ ਚੀਰ ਸੁੱਟੇ ਗਲ ਕੀ ਤੇਰੇ ਦਰ ਦੇ ਪੰਧਾਊਆਂ ਨੇ ਖੱਲਾਂ ਲੁਹਾਈਆਂ ਸੂਲੀਆਂ ਪੁਰ ਚੜ੍ਹੇ, ਕੀਮਾ ਕੀਮਾ ਹੋਏ, ਸ਼ੂਕਦੀਆਂ ਨਦੀਆਂ ਵਿਚ ਤੇਰੇ ਵਿਸਾਲ ਹਿਤ ਛਾਲਾਂ ਮਾਰ ਰੁੜ੍ਹ ਗਏ, ਤਨ ਆਰਿਆਂ ਨਾਲ ਚਿਰਵਾਏ, ਖੋਪਰੇ ਲੁਹਾਏ ਤੇ ਤੇਰੀ ਦੀਦਨਾ ਲਈ ਵਧ ਤੋਂ ਵਧ ਤਸੀਹੇ ਆਪਣੀ ਜਾਨਾਂ ਪੁਰ ਉਠਾਏ।

ਨਨਕਾਣੇ ਦੀ ਧਰਤੀ ਤੈਥੋਂ ਸਦਕੇ ਵਾਹ!ਪਿਆਰੀ!! ਤੂੰ ਸੁਹਾਵਣੀ ਹੈ,ਤੂੰ ਪਿਆਰੀ ਹੈਂ, ਤੂੰ ਧੰਨ ਹੈਂ, ਤੇਰੇ ਜੇਹੀ ਪਵਿੱਤ੍ਰ ਧਰਤੀ ਦੁਨੀਆਂ ਵਿਚ ਕੋਈ ਨਹੀਂ ਕਿਉਂ? ਜੋ ਇਥੇ ਮੇਹਰਾਂ ਦਾ ਸਾਂਈ, ਸ਼ਾਤੀ ਦਾ ਅਵਤਾਰ, ਸਚਾਈ ਦਾਭੰਡਾਰ ਤੇ ਸਚੇ ਸੌਦੇ ਦਾ ਵਪਾਰੀ ਜੂ ਪੈਦਾ ਹੋਇਆ ! ਐ ਪਵਿੱਤ੍ਰ ਭੂਮੀ ਤੈਨੂੰ ਨਮਸਕਾਰ ਤੈਨੂੰ ਡੰਡੌਤ ਤੇ ਲੱਖ ਪ੍ਰਣਾਮ ਕਿਉਂ? ਜਗਤ ਜਲੰਦੇ ਨੂੰ ਠਾਰਨ ਹਾਰਾ ਸਵਾਮੀ ਗੁਰੂ ਨਾਨਕ ਇਥੇ ਜੂ ਜਮਿਆਂ ਖੇਡਿਆ ਤੇ ਪਲਿਆ ਹਾਂ ਹਾਂ ਤੂੰ ਓਸੇ ਪਿਆਰੇ ਦੀ ਹੀ ਜਨਮ ਭੂਮੀ ਹੈ, ਜਿਸ ਪਿਆਰੇ ਦੇ ਸ਼ਾਂਤ ਤੇਜ ਨਾਲ ਪਹਾੜ ਵੀ ਮੋਮ ਬਨ ਗਏ ਤੇ ਰੀਠੇ ਵੀ ਮਿਠੇ ਹੋ ਗਏ ਸਨ। ਪਰ ਆਹਾ ! ਅੱਜ ਤੈਨੂੰ ਕੌਣ ਵੇਖੇ? ਤੇਰੀ ਅੱਜ ਦੀ ਹਾਲਤ ਨੂੰ

ਵੇਖ ਰੋਣ ਔਂਦਾ ਹੈ, ਤੇਰੀ ਏਸ ਹਾਲਤ ਨੂੰ ਤੱਕ ਬੇਬਵਿਆਂ ਹੋ ਚੀਕਾਂ ਨਿਕਲ ਰਹੀਆਂ ਹਨ। ਹਾਇ ! ਹਾਇ !! ਤੇਰੇ ਜਨਮ ਅਸਥਾਨ ਦੀ ਨਰਾਦਰੀ ? ਪਿਆਰੇ ਬਾਪੂ ਜਿਥੇ ਤੈਂ ਸੱਚਦੇ ਵਪਾਰ ਕੀਤੇ ਤੇ ਲੋਕਾਂ ਨੂੰ ਸਖਾਏ ਹੈਸਨ ਅੱਜ ਵੇਸਵਾਵਾਂ ਦੇ ਨਾਚ ? ਆਹ ! ਜਿਸ ਘਰੋਂ ਪਿਆਰੇ ਦੇ ਮਿਲਨ ਤੇ ਦੁਨੀਆਂ ਦੇ ਵਿਕਾਰਾਂ ਦੇ ਛਡਣ ਦੀ ਸਿਖਿਆ ਮਿਲੇ ਅੱਜ ਓਸ ਦਰਦੇ ਮਹੰਤ ਸਦੌਣ ਵਾਲੇਗਾਈਆਂ ਸਿੱਖ ਬੱਚੀਆਂ ਦੇ ਸਤ ਭੰਗਕਰਨ ? ਆਹ ! ਜਿਥੋਂ ਕਦੀ ਸ਼ਾਂਤੀਰਖਨ ਤੇ ਕਾਮ, ਕ੍ਰੋਧ, ਲੋਭ ਮੋਹ ਹੰਕਾਰ, ਦੇ ਦੂਰ ਕਰਨ ਦੀ ਸਿਖਿਆ ਮਿਲਦੀ ਹੋਵੇ ਅੱਜ ਓਸ ਅਸਥਾਨ ਵਿਚ ਦੁਰਾਚਾਰੀ ਮਹੰਤ ਪਾਪਾਂ ਦੀਆਂ ਗੰਢਾਂ ਖੋਲਣ ? ਗੁਰੂ ਮੇਹਰ ਕਰ ! ਉਮਤ ਨੂੰ ਬਚਾ !! ਤੇ ਰਾਹੋ ਘੁਸਿਆਂ ਨੂੰ ਰਾਹੇ ਪਾ !!! ਵੇ ਦੀਨਾਂ ਦੇ ਨਾਥ ਆਪ ਆਣਕੇ ਵੇਖ ਜਿਸ ਪਸ਼ੂ ਬਲ ਨੂੰ ਤੈਂ ਨਾਸ਼ ਕੀਤਾ ਸੀ ਓਹੋ ਪਸ਼ੂ ਸ਼ਕਤੀ ਤੇਰੇ ਦਰ ਦੇ ਜੂਠੇ ਟੁਕੜੇ ਖਾ ਖਾਕੇ ਫਿੱਟੇ ਹੋਏ ਮਹੰਤੜਿਆਂ ਨੇ ਪ੍ਰਧਾਨ ਬਣਾ ਲਈਊ।

(੩)

ਇਹ ਕਦੋਂ ਹੋ ਸਕਦਾ ਹੈ ਕਿ ਗੁਲਚੀਨ ਬਾਗ਼ ਵਿਚ ਜਾਕੇ ਫੁਲ ਤੋੜਨ ਅਤੇ ਬੁਲਬਲਾਂ ਚੁਪ ਕਰਕੇ ਅੱਖਾਂ ਨਾਲ ਵੇਖਣ ? ਏਸੇ ਤਰਾਂ ਪਿਆਰੇ ਦੇ ਸਿੱਖਾਂ ਨੇ ਜਦ ਹੀ ਸੁਣਿਆ ਕਿ ਨਨਕਾਣੇ ਦੀ ਧਰਤੀ ਵਿਚ ਏਹ ਰ ਘੋਰ ਅਨਰਥ ਹੋ ਰਹੇ ਹਨ ਬੇਹਬਲ ਹੋ ਗਏ ਤੇ ਪਵਿਤ੍ਰ ਖਾਕ ਤੋਂ ਸਦਕੇ ਹੋਕੇ ਸੁਧਾਰ ਕਰਨ ਦੀ ਠਾਨ ਲਈਪ੍ਰੇਮੀਆਂ ਨੇ ਪਿਆਰ ਕੀਤਾ ਤੇ ਦੁਸ਼ਟ ਨੂੰ ਵੀ ਸਜਨ ਸਦਕੇ ਆਖਿਆ

ਭਾਈ ਤੂੰ ਪਿਆਰੇ ਗੁਰੂਨਾਨਕ ਦੇਵ ਦੇ ਦਰਦਾ ਝਾੜੂ ਬਰਦਾਰ ਹੈ ਤੂੰ ਆਪਣੇ ਆਪਦਾ ਸੁਧਾਰ ਕਰ ਤੇ ਓਹ ਕਾਰ ਕਰ ਜੇਹੜੀ ਪਿਆਰੇ ਨੂੰ ਭਾਵੇ, ਓਸ ਰਾਹ ਤੇ ਚੱਲ ਜਿਸ ਤੇ ਗੁਰੂ ਨਾਨਕ ਦੇਵ ਨੇ ਚਲਣ ਵਾਸਤੇ ਆਖਿਆ ਹੈ ਤੇਰੇ ਵਾਸਤੇ ਦਿਹ ਗਲਾਂ ਕਰਨੀਆਂ ਤੇਰੀ ਕੁਲ ਨੂੰ ਕਲੰਕ ਹਨ ਪਰ ਇਥੇ ਸੁਣਦਾ ਹੀ ਕੌਣ ਸੀ? ਸਗੋਂ ਪਿਆਰਿਆਂ ਦੇ ਸਾੜਨ ਲਈ ਲਕੜਾਂ, ਭੁਨਣ ਲਈ ਪਟਰੌਲ, ਟੁਕਣ ਦੇ ਵਾਸਤੇ ਟੋਕੇ ਤ ਛਵੀਆਂ, ਨਸ਼ਾਨੇ ਕਰਨ ਦੇ ਵਾਸਤੇ ਏਂਦੂਕਾਂ ਤਿਆਰ ਹੋ ਗਈਆਂ।

(੪)

ਐਧਰ ਇਹ ਸਮਿਆਨ ਤਿਆਰ ਹੋਇਆ ਤੇ ਔਧਰ ਗੁਰੂ ਦੇ ਸਿਖਾਂ ਨੂੰ ਖਬਰ ਹੋ ਗਈ ਕੇਹੜਾ ਗੁਰੂ ਦਾ ਪਿਆਰਾ ਸੀ ਜ ਡਰਦਾ? ਹਜ਼ਾਰਾਂ ਸਿਦਕੀ ਝੂਜਣ ਵਾਸਤੇ ਤ੍ਰਿਆਰ ਹੋ ਗਏ ਸ਼ਹੀਦੀ ਧੌਂਸੇ ਪੁਰ ਚੋਟ ਪਈ ਤੇ ਥਾਂ ਥਾਂ ਤਿਆਰੀਆਂ ਹੋਣੀਆਂ ਸ਼ੁਰੂ ਹੋਗਈਆਂ।

(੫)

ਹਰ ਇਕ ਉਤਵਾਲਾ ਸੀ ਕਿ ਮੈਂ ਗੁਰੂ ਦਰ ਤੋਂ ਪੈਹਲਾਂ ਜਿੰਦੜੀ ਘੋਲਾਂ ਤੇ ਸ਼ਹੀਦੀ ਪ੍ਰਾਪਤ ਕਰਕੇ ਗੁਰੂ ਦੀਆਂ ਖੁਸ਼ੀਆਂ ਲਵਾਂ ਪਰ ਬਾਰ ਦੇ ਦੋ ਸੌ ਛਬੀਲੇ ਤੇ ਖਾਲਸੇ ਦੇ ਮਨਸੂਰ ਸੂਲੀਆਂ ਤੇ ਚੜ੍ਹਨ ਅਰ ਪਠੀਆਂ ਖੱਲਾਂ ਲੁਹਾਣ ਲਈ ਤਿਆਰ ਹੋ ਪਏ, ਪਾਪੀ ਮਹੰਤ ਦੇ ਜ਼ੁਲਮਾਂ ਨੂੰ ਆਪਣੇ ਜਿਸਮਾਂ ਪੁਰ ਸਹਾਰਨ ਅਤੇ ਗੁਰੂ ਦੀਆਂ ਖੁਸ਼ੀਆਂ ਲੈਣੇ ਵਾਸਤੇ ਕਮਰਾ ਕੱਸ ਤੁਰੇ, ਚੇਹਰੀਂ ਲਾਲੀਆਂ ਤ ਦਿਲੀ ਖੁਸ਼ਾਲੀਆਂ, ਮਨਾਂ ਵਿਚ ਚਾ

ਉਤਸ਼ਾਹ ਹਸਦੇ ਖੇਡਦੇ ਤੇ ਚਾਈਂ ਚਾਂਈ ਤੁਰ ਪਏ ਸਾਥ ਪਿਛੇ ਰੈਹ ਗਿਆ ਪਰ ਪ੍ਰੇਮ ਮਤਵਾਲੇ ਉਡਕੀਂਦੇ ਹੀ ਕਦ ਸਨ ? "ਤਨ ਮਨ ਕਾਟ ਕਾਟੇ ਸਭੁ ਅਰਪੀ ਵਿਚ ਅਗਨੀ ਆਪ ਜਲਾਈ" ਪੜ੍ਹਦੇ ਤੇ ਖੁਸ਼ੀ ਹੋ ਜੈਕ ਰੇ ਛਡਦੇ ਪੰਧ ਮੁਕਾ ਗਏ ਅਤੇਃ—

ਗੁਰੂ ਦੇ ਦਵਾਰੇ ਜਦੋਂ ਸੁਣੇ ਹੁੰਦੇ ਪਾਪ ਭਾਰੇ,
ਬੀਰ ਤਾਂ ਅਕਾਲੀ ਆ ਗਏ ਬੰਨ੍ਹ ਬੰਨ੍ਹ ਟੋਲੀਆਂ !
ਰੱਤ ਡੋਲ੍ਹ ਆਪਣੀ ਰੁੜ੍ਹਾਨ ਕੈਹਰ ਪਾਪ ਤਾਈਂ,
ਪਾਪੀਆਂ ਦੇ ਹਥਾਂ ਯੋਧੇ ਖਾਣ ਚਲੇ ਗੋਲੀਆਂ !
ਜਾਬਰਾਂ ਦੀ ਜਾਬਰੀ ਨੂੰ ਸਾਬਰ ਹਟੌਣ ਤੁਰੇ,
ਸ਼ਹੀਦੀ ਦਵਾਰੇ ਚੱਲੇ ਲੈਣ ਮੁਕਤ ਡੋਲੀਆਂ !
ਚੱਲੇ ਨਨਕਾਣੇ ਸੀਸ ਆਪਣੇ ਘੁਮਾਣੇ ਲਈ,
ਆਪਣੇ ਹੀ ਖ਼ੂਨ ਨਾਲ ਰੰਗਣੇ ਨੂੰ ਚੋਲੀਆਂ !

ਸ਼ਹੀਦੀ ਜੰਦ ਹਾਂ ਜੰਦ ਵੀ ਨਿਰੀ ਲਾੜਿਆਂਦੀ ਜਾਵੀਤਾਂ ਵਿਚ ਹ ਹੀ ਕੋਈ ਨਹੀਂ ਪਿਆਰੇ ਦੇ ਦਰ ਦੇ ਆਸ਼ਕ ਕਵਲ ਫੁਲਾਂ ਦੇ ਭੌਰੇ, ਮਹੀਂਵਾਲ ਅਤੇ ਰਾਂਝਿਆਂ ਨੂੰ ਪਰੇ ਸੁਟਣ ਵਾਲੇ ਪ੍ਰੇਮੀ ਬੰਦ ਬੰਦ ਕਟੌਣ ਤੇ ਖੋਪਰੀਆਂ ਲੁਹੌਣਵਾਲਿਆਂ ਦੇ ਪੁਤ੍ਰ ਪੋਤਰੇ ਮੁਕਤੀ ਦੀਆਂ ਡੋਲੀਆਂ ਲੈਣ ਅਤੇ ਨਨਕਾਣੇ ਦੀ ਧਰਤ ਨੂੰ ਖ਼ੂਨ ਨਾਲ ਰੰਗਣ ਵਾਸਤੇ ਪੰਧ ਕਰ ਗਏ, ਆਹਾ ! ਜਥੇਦਾਰ !! ਕੱਦ ਤੋਂ ਹੀ ਸਿਆਪ ਪਿਆ ਸੋਹਣਾ ਇਕੋ ਜੇਹਾ, ਇਕ ਢਲਵੀ ਨਕਸ਼ ਬੰਦੀ ਦੀ ਨੁਹਾਰ ਤੇ ਤ੍ਰਿਖੇ ਨੱਕ ਵਾਲਾ ਚੇਹਰਾ, ਸੋਹਣਾ ਦਾਹੜਾ, ਨੈਣਾਂ ਵਿਚ ਕੋਈ ਕੁਦਰਤੀ ਰਸੀਲੀ ਭਰਵਟਿਆਂ ਵਿਚ ਕੋਈ ਰੋਹਬ ਤੇ ਮਥੇ ਵਿਚ ਕੋਈ ਖੇੜਾ ਗਲਾਂ ਪੁਰ ਕੋਣ ਜਿਮਾਲ

ਤੇ ਬੁਲਾਂ ਦੀ ਮੁਸਕਰਾਹਟ ਵਿਚ ਕੋਈ ਖਾਸ ਖਿਚ ਤੇ ਚੇਹਰੇ ਪੁਰ ਸ਼ਹੀਦੀ ਲਾਲੀਆਂ, ਗਲ ਵਿਚ ਸੁਰਮਈ ਬਾਣਾ ਤੇ ਮੂੰਹ ਵਿਚ ਇਹ ਸ਼ਬਦ 'ਦੁਖ ਭੀ ਤੁਝੇ ਧਿਆਈ" ਹੈ ਹੁਕਮ ਹੋਗਿਆ ਭਾਈ ਮਿਤ੍ਰੋ—ਲੋ ! ਮੈਂ ਲਕਾਰ ਖਟ ਦੇਂਦਾ ਹਾਂ ਜੇਹੜਾ ਗੁਰੂ ਕਾ ਪਿਆਰਾ ਸ਼ਹੀਦੀ ਬਾਟੇ ਛਕਣ ਦਾ ਚਾਹਵਾਨਹੈ ਅਗੇ ਓਹ ਟੱਪ ਆਵੇ।

(੬)

ਕੇਹੜਾ ਮਾਈਦਾ ਲਾਲ ਸੀ ਜੇਹੜਾ ਪਿਛਾਹ ਹਟਦਾ ਓਹ ਤਾਂ ਘਰਾਂ ਤੋਂ ਹੀ ਸੁਖਣਾਂ ਸੁਖ ਸੁਖ ਕੇ ਤੁਰੇ ਸਨ। ਭਲਾ ਇਹ ਕਦੀ ਹੋ ਸਕਦਾ ਹੈ ਕਿ ਦੀਵੇ ਜਗੇ ਹੋਣ ਤੇ ਪਰਵਾਨੇਅੰਗ ਜਲੌਣੋ ਪਿਛੇ ਹਟਨ ? ਸਾਰੇ ਪੰਧਾਉਤੜਕਸਾਰ ਦੇ ਵੇਲੇ ਪਿਆਰੇ ਦੀ ਭੂਮੀ ਵਿਚ ਜਾ ਪੁਜੇ ਅੰਮ੍ਰਿਤ ਦਾ ਵੇਲਾ, ਦੁਨੀਆਂ ਵਾਲੇ ਮਿਠੀ ਨੀਂਦ ਦੇ ਹੁਲਾਰੇ ਲੈਰਹੇ ਹਨ, ਸ਼ਾਂਤ ਦਾ ਵੇਲਾ ਹੈ, ਸੀਤਲ ਪੌਣ ਦਾ ਰਮਕਾਂ ਮਸਤ ਵੇਗ ਨਾਲ ਚਲ ਰਿਹਾ ਹੈ ਕੁਰਬਾਨੀ ਦੇ ਦੇਵਤੇ ਜਿੰਦੜੀਆਂ ਨੂੰ ਘੁਮਾਣ ਲਈ ਦੀਨਾ ਦੇ ਨਾਥ ਦੇ ਦਰਬਾਰ ਜਾ ਪੁਜੇ ਹਨ ਅਤੇ ਕਾਇਰਾਂ ਨੂੰ ਚੇਤਨ ਕਰਾਣ ਅਰ ਜੁਲਮ ਦੇ ਭਠ ਤਪਾਣ ਲਈ ਮਿਟੀ ਪਰ ਡਾਢੀ ਗਰਜਵੀਂ ਸੁਰ ਵਿਚ **ਬੋਲੇ ਸੋ ਨਿਹਾਲ ਸਤਿਸ੍ਰੀ ਅਕਾਲ ਦਾ** ਅਕਾਲੀ ਜੈਕਾਰਾ ਛਡ ਦਿਤਾ ਹੈ ਆਪ ਤਾਂ ਸਰੋਵਰ ਵਿਚ ਟੁਬੇ ਲਾਣ ਵਾਸਤੇ ਵੜ ਗਏ ਹਨ ਪਰ ਓਧਰ ਬਿਲੇ ਲਾਓਣ ਦੇ ਸਮਿਜਾਨ ਵੀ ਹੋ ਗਏ ਹਨ ਸਿਵਚ ਅਸ਼ਨਾਨ ਹੋਇਆ ਤੇ ਮਾਹੀਏ ਦੀ ਸਦ ਵਾਲੀ ਰਬਾਬ ਇਸ ਤਰਾਂ ਵਜੀ 'ਗਗਨ ਦਮਾਮਾਂ ਬਾਜਿਓ ਪਰਿਓ ਨੀਸਾਨੇ ਘਾਓ। ਖੇਤੁ ਜੋ ਮਾਡਿਓ

ਸੂਰਮਾ ਅਬ ਜੂਝਨ ਕੋਊ ਦਾਓ । ਕਬੀਰ! ਸੂਰਾ ਸੋ ਪਹਿਚਾਨੀਏ
ਲਰੇ ਦੀਨ ਕੇ ਹੇਤ ਪੁਰਜਾ ੨ ਕਟ ਮਰੇ ਕਬਹੂ ਨ ਛਾਡੇ ਖੇਤ।

(੭)

ਧਰਮੀਆਂ ਦੇ ਦਿਲਾਂ ਵਿਚ ਤਾਂ ਸ਼ਹੀਦੀ ਦੀ ਉਮੰਗ ਹੈ ਪਰ ਪਾਪੀ ਦਿਲਾਂ ਵਿਚ ਪਾਪ ਦੀ ਜਲਨ ਹੈ ਕਪਟ ਦੇ ਅਵਤਾਰ ਪਾਪ ਤੇ ਜਬਰ ਦੇ ਭੰਡਾਰ ਜੁਲਮ ਤਦੀ ਦੇ ਠੇਕੇਦਾਰ ਮਹੰਤ ਸਾਹਿਬ ਦਿਲ ਵਿਚ ਕੰਬਣੀ ਮੂਹ ਪੁਰ ਜਰਦੀ ਬੁਲਾਂ ਪੁਰ ਪਿਛੀ ਨੁਹਾਰ ਬਣ ਮਾਣਸਾਂ ਜੇਹੀ ਚੇਹਰੇ ਤੋਂ ਹੀ ਸਿਆਪ ਪੈਂਦਾ ਹੈ ਇਸਦੇ ਦਿਲ ਵਿਚ ਵੈਰਭਾਵਦੀ ਅਗਨੀ ਪਰ ਜਵਲਤ ਹੈ ਆਣਕੇ ਜਾਹਰਾ ਤੌਰ ਤੇ ਸਾਰੀ ਆਗਤ ਭਾਗਤ ਕੀਤੀ ਕੈਹਣ ਲਗਾ ਖਾਲਸਾ ਜੀ ਘਰ ਬਾਰ ਹੀ ਤੁਹਾਡਾ ਹੈ । ਮੈ ਤਾਂ ਝਾੜੂ ਬਰਦਾਰ ਹਾਂ ਜਿਵੇਂ ਤੁਹਾਡੀ ਰਜਾ ਤਿਵੇਂ ਹੀ ਰਾਜੀ ਹਾਂ ਚਲੋ ਦਰਸ਼ਨ ਕਰੋ । ਆਪ ਵਾਸਤੇ ਸਭ ਕੁਛ ਤਿਆਰ ਹੈ ਸ਼ਹੀਦੀ ਦੇ ਆਸ਼ਕਾਂ ਨੇ 'ਜੋੜੇ' 'ਸਫਾ ਜੰਗ' ਡਾਂਗਾਂ ਦਰਸ਼ਨੀ ਡਿਓਢੀ ਦੇ ਪਾਸ ਰਖ ਦਿਤੀਆਂ ਅਤੇ ਆਪ ਚਰਨ ਧੋ ਦਰਬਾਰ ਵਿਚ ਚਲੇ ਗਏ ਸ਼ਮਾਂਦਾਨ ਜਗਦੇ ਹੀ ਸਨ ਸ਼ਹਦੀ ਲਾੜਿਆਂ ਦੇ ਮੁਖੀ ਜਥਦਾਰ ਸ੍ਰਦਾਰ **ਲਛਮਨ ਸਿੰਘ** ਜੀ ਨੇ ਆਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ । ਵਾਕ ਪੜਿਆ ਅਰ ਆਸਾ ਜੀ ਦੀ ਵਾਰ ਸ਼ੁਰੂ ਕਰ ਦਿਤੀ ।

(੮)

ਆਸਾ ਜੀ ਦੀ ਵਾਰ ਦਾ ਅਧਾ ਸ਼ਲੋਕ ਮੁਸ਼ਕਲ ਨਾਲ ਹੀ ਪੜਿਆ ਗਿਆ ਹੈ ਕਿ ਬੂਹੇ ਵੱਜ ਗਏ ਹਨ । ਜਥੇਦਾਰ ਸਾਹਿਬ ਨੇ ਆਖਿਆ ਖਾਲਸਾ ਜੀ ! ਤਿਆਰ ਹੋ

ਜਾਓ !! ਜਿਸ ਕਾਰਜ ਦੇ ਵਾਸਤੇ ਤੁਸੀ ਆਏ ਸੋ ਪੂਰਾ ਹੋਇਆ ਚਾਹੁੰਦਾ ਹੈ। ਗੁਰੂ ਅਰਜਨ ਦੇਵ ਜੀ ਪਲ ਭਰ ਨੂੰ ਆਪਣੇ ਪਾਸ ਸਦ ਲੈਣਗੇ ਥੋੜੀਆਂ ਹੀ ਘੜੀਆਂ ਨੂੰ ਤੁਸੀ ਮੌਤ ਨਾਲ ਪਰਨਾਏ ਹਵੋਗੇ ਪਰ ਖਬਰਦਾਰ ਕਿਸੇ ਨੇ ਉਫ ਵੀ ਕੀਤੀ ਹਸ ਹਸਕੇ ਸ਼ਹੀਦੀਆਂ ਪਾਇਓ ਤੇ ਸ਼ਾਂਤਮਈ ਰਿਹੋ ਜੇ। ਸੂਰਬੀਰੋ ! ਸਿਖ ਸਦਾ ਹੀ ਅਜਿਹੀ ਮੌਤ ਲੋੜਦੇ ਹਨ ਜੇਹੜੀ ਕਿ ਧਰਮ ਦੇ ਲੇਖੇ ਲਗੇ ਯਾ ਜਿਸ ਮੌਤ ਦੇ ਨਾਲ ਪਾਪ ਜ਼ੁਲਮ, ਅਨਿਆ, ਦੁਨੀਆਂ ਤੋਂ ਹੱਟਣ, ਹਸ ਹਸ ਤੇ ਖਿੜੇ ਮੱਥੇ ਛਵੀਆਂ ਦੇ ਵਾਰ ਝੱਲਿਓ ਤੇ ਗੋਲੀਆਂ ਖਾਇਓ ਜੇ, ਵੇਖਣਾ ਚਿਤ ਨਾ ਡਲੋਣਾ—ਰਤੀ ਖਿਆਲ ਨਾ ਕਰਨਾ ਕਿ ਘਰਾਂ ਦਾ ਕੀ ਬਣੂੰ ਕਲਗੀਧਰ ਜੀਨੂੰ ਅੰਗ ਸੰਗ ਜਾਨਣਾ ਤੇ ਦੁਨੀਆਂ ਦਾ ਮੋਹ ਤ੍ਰੋੜਕੇ ਸ਼ਹੀਦੀਆਂ ਪਾਣੀਆਂ, ਜਰਾ ਅਕਾਸ਼ ਵਲ ਝਾਤ ਮਾਰਕੇ ਤਕੋ ਪਿਆਰਾ ਗੁਰੂ ਨਾਨਕ ਆਪ ਦੁਖ ਨਵਾਰਨ ਲਈ ਹਥ ਦੇ ਰਿਹਾ ਜੇ ਧਰਮ ਦੀ ਚਾਦਰ ਗੁਰੂ ਤੇਗ ਬਹਾਦਰ ਖੜੇ ਰਛਿਆ ਕਰ ਰਹੇ ਹਨ। ਸੋ ਵੇਖਿਆ ਜੇ ਡੋਲ ਨਾ ਜਾਣਾ..................
ਤੜ ਤੜ ਤੜ ਵਾਹਿਗੁਰੂ ਵਿ ...ਵ......ਵ......ਘ......ਘ......

(੬)

ਗੋਲੀਆਂ ਦੀ ਵਰਖਾ ਸ਼ੁਰੂ ਹੋ ਗਈ, ਕਈ ਸਿਦਕੀ ਪਾਰ ਹੋ ਗਏ ਕਈ ਘਾਇਲ ਹੋਕੇ ਡਿਗ ਪਏ, ਕੋਈ ਸਿਸਕਦਾ ਕੋਈ ਲੁਛਦਾ, ਕੋਈ ਤੜਫਦਾ, ਕੋਈ ਮਰਦਾ, ਗਲ ਕੀ ਇਕ ਪਲ ਅੰਦਰ ਬਾਬੇ ਦੇ ਦਰਬਾਰ ਹਾ ! ਉਸ ਦਰਬਾਰ ਵਿਚ ਜਿਸ ਪੁਰ ਰੰਗਾ ਰੰਗਾ ਦੇ ਫੁਲ ਸੋਭਨੀਕ ਹੁੰਦੇ ਹਨ ਸ਼ਹੀਦਾਂ ਦੀ ਕਤਲਗਾਹ ਬਣ ਗਿਆ ਲੋਕ ਮਾਇਆ ਪੁਸ਼ਪ ਆਦ ਚੜ੍ਹਾਂਦੇ

ਹਨ, ਪਰ ਪ੍ਰੇਮੀਆਂ ਨੇ ਸਿਰਾਂ ਦੀ ਭੇਟਾ ਬਾਬੇ ਦੇ ਦਰਬਾਰ ਆ ਚਾੜ੍ਹੀ ।

## ਜਥੇਦਾਰ ਸਾਹਿਬ ਦਾ ਹਾਲ

ਛੇ ਗੋਲੀਆਂ ਮੱਥੇ ਤੇ ਛਾਤੀ ਵਿੱਚ ਦੀ ਲੰਘ ਚੁਕੀਆਂ ਹਨ ਪਰ ਕੀ ਮਜਾਲ ਕਿ ਹਾ ਇ ਵੀ ਮੁਖ ਚੋਂ ਨਿਕਲੀ ਹੋਵੇ ਸਚ ਹੈ ਜਿਨ੍ਹਾਂ ਪ੍ਰੇਮ ਪਿਆਲੇ ਪੀਤੇ ਓਹਨਾ ਮੌਤ ਨੂੰ ਖੇਲ ਸਮਝਿਆ ਐ ਪਛਮੀ ਸਭਜਤਾ ਦੇ ਆਸ਼ਕੋ ! ਤੇ ਸਿਖ ਇਤਹਾਸ ਨੂੰ ਬੇਵਕੂਫਾਂ ਦੀਆਂ ਗਪਾਂ ਆਖਣ ਵਾਲਿਓ ! ਆਓ ! ਆਣ ਕੇ ਵੇਖੋ ਪ੍ਰੇਮ ਦੀ ਰੰਗਣਾ ਵਿਚ ਰੱਤੇ ਹੋਏ ਪ੍ਰੇਮੀ ਆਪਣੀ ਜਾਨ ਕਿਸਤਰਾਂ ਹਸ ਹੱਸਕੇ ਸਦਕੇ ਕਰਦੇ ਹਨ। ਬੂਹੇ ਤੋੜ ਸਿਟੇ ਜਾਲਮ, ਜਲਾਦ, ਬੇ ਰੈਹਮ ਕਸਾਈ ਅੰਦਰ ਆਨ ਵੜੇ, ਇੱਲਾਂ ਵਾਕਣ ਉਦਾਲੇ ਹੋ ਗਏ ਕਿਸੇ ਨੂੰ ਛਵੀ ਨਾਲ ਮਾਰਦੇ ਹਨ ਕਿਸੇ ਨੂੰ ਗੰਡਾਸੇ ਨਾਲ ਕੋਂਹਦੇ ਹਨ ਕਿਸੇ ਨੂੰ ਪਸਤੌਲ ਦਾ ਸ਼ਕਾਰ ਬਣੌਂਦੇ ਤੇ ਕਿਸੇ ਨੂੰ ਬੰਦੂਕ ਅਗੇ ਰੱਖਕੇ ਉਡੌਂਦੇ ਹਨ, ਕੇਸਾਂ ਤੋਂ ਫੜ ਫੜਕੇ ਤੇ ਧ੍ਰੀਕ ਧ੍ਰੀਕ ਕੇ ਬਾਹਰ ਕਢ ਲਿਆ, ਆਹ ! ਵੇਖੋ ਸ਼ੈਤਾਨ ਇਕ ਚੁਬਚੇ ਦੇ ਪਾਸ ਲੈ ਗਏ, ਜਿਸਨੂੰ ਫੜਦੇ ਹਨ ਬੁਰੀ ਤਰਾਂ ਜਾਨ ਕਢਕੇ ਛਵੀਆਂ ਨਾਲ ਕੀਮਾਂ ਕੀਮਾਂ ਕਰ ਦੇਂਦੇ ਹਨ, ਇਕ ਛਿਨ ਭੀਤਰ ਵਿਚ ਹਨੇਰ ਵਰਤ ਗਿਆ ! ਕੈਹਰ ਹੋ ਗਿਆ !!

(੧੦)

ਨੈਹਨੂੰ ਹਾਂ ਹਾਂ ਦੁਸ਼ਟ ਨੈਹਨੂੰ ਹੱਥ ਵਿਚ ਪਸਤੌਲ ਫੜੀ ਬਾਹਰ ਖਲੋਤਾ ਬਕਵਾਸ ਕਰ ਰਿਹਾ ਤੇ ਲਲਕਾਰ ਕੇ ਆਖ ਰਿਹਾ ਹੈ ਕਿ ਲਿਆਓ ਜੱਥੇਦਾਰ ਨੂੰ ਮੇਰੇ ਸਾਮਣੇ ਮੈਂ

ਇਸਨੂੰ ਨਨਕਾਣੇ ਦੀ ਗੱਦੀ ਦੇਵਾਂ, ਜਾਲਮ ਜਰਵਾਣੇ ਬਹਾਦਰ ਨੂੰ ਧ੍ਰੀਕ ਕੇ ਲੈ ਆਏ, ਕੋਲ ਵਾਸ ਜੰਡ ਦੇ ਨਾਲ ਧਰਮੀ ਨੂੰ ਪੁਠਾ ਕਰਕੇ ਜਕੜ ਦਿੱਤਾ। ਉਪਰ ਪਟਰੋਲ ਡੋਲ ਛਲਿਓਂ ਅਗਨ ਦਿੱਤੀ ਗਈ ਪਰ ਅਗਨ ਵੀ ਆਪ ਦਾ ਸੁਭਾਵ ਛਡਕੇ ਸੀਤਲ ਹੋ ਗਈ ਤੇ ਧਰਮੀ ਸਰੀਰ ਨੂੰ ਜੀਉਂਦਿਆਂ ਸਾੜਨੋਂ ਸੰਕੋਚ ਕੀਤਾ ਤਿੰਨ ਵੇਰਾਂ ਲਾਈ ਗਈ ਪਰ ਤਿੰਨੇ ਵੇਰ ਹੀ ਕੰਨਾਂ ਨੂੰ ਹੱਥ ਲਾਏ ਜਥੇਦਾਰ ਜੀ ਹੱਸ ਪਏ ਤੇ ਆਖਣ ਲੱਗੇ ਧੰਨ ਗੁਰੂ ਤੇ ਧਨ ਉਸਦੀ ਮੇਹਰ !! ਆਖਿਆ ਮਹੰਤ ਸਾਹਿਬ ਮੇਰੇ ਸ੍ਰੀਰ ਨੂੰ ਅਗਨੀਏਸ ਤਰਾਂ ਨਹੀਂ ਲੱਗੂ ਤੂੰ ਮੈਨੂੰ ਪੈਹਲਾਂ ਸ਼ਹੀਦ ਕਰ ਲੈ ਫੇਰ ਆਪਣਾ ਇਹ ਅਰਮਾਨ ਵੀ ਕਢ ਲਵੀਂ ਬਸ ! ਦਇਆ ਉਪਜਣੀ ਤਾਂ ਕਿਤੇ ਰਹੀ ਸਗੋਂ ਵੈਰ ਭਾਵ ਦੀ ਅਗਨੀ ਪਰ ਜਵਲਤ ਹੋਈ ਤੇ ਜਥੇਦਾਰ ਜੀ ਦੇ ਅਰਕਾਂ ਤੀਕ ਹੱਥ ਅਰ ਗੋਡਿਆਂ ਤੀਕ ਲਤਾਂ ਛਵੀ ਨਾਲ ਵੱਢ ਦਿਤੀਆਂ ਪਰ ਓਧਰ ਮੁਖ ਵਿਚ 'ਤੇਰਾ ਕੀਆ ਮੀਠਾ ਲਾਗੇ' ਹੀ ਹੈ, ਆਪ ਜੀ ਦਾ ਸਿਰ ਵੀ ਕੱਟ ਲਿਆ ਤੇ ਬਾਕੀ ਲਾਸ਼ ਨੂੰ ਓਸੇ ਤਰਾਂ ਸਾੜ ਦਿਤਾ। (੧੧)

ਪਾਪੀ ਮਹੰਤ ਸ਼ਰਾਬ ਦੇ ਨਸ਼ੇ ਵਿਚ ਤੁੱਬਾ ਧਰਮੀਆਂ ਦੇ ਖ਼ੂਨ ਨਾਲ ਹਥ ਰੰਗਦਾ ਹਥ ਵਿਚ ਸ੍ਰ: ਲਛਮਣ ਸਿੰਘ ਜੀ ਦਾ ਸਿਰ ਲਈ ਘੋੜੀ ਪੁਰ ਚੜ੍ਹਕੇ ਬਾਹਰ ਆਇਆ ਸਰਦਾਰ ਦਲੀਪ ਸਿੰਘ ਜੀ ਨੇ ਉਚੀ ਤੇ ਗਰਜਵੀਆਂ ਅਵਾਜ ਨਾਲ ਆਖਿਆ ਪਾਪੀਆ ਇਹ ਕੀ ਕੀਤਾ ਹਈ ? ਪਾਪੀ ਨੂੰ ਸ਼ਰਮ ਔਂਦੀ ? ਨਹੀਂ ਸਗੋਂ ਉਸਨੇ ਕੜਕ ਕੇ ਪੁਛਿਆ ਕਿ ਕੀ ਤੂੰ ਸਿਖ ਹੈਂ ? ਬਸ ਤੇਰੀ ਜਾਨ ਬਖਸ਼ੀ

ਏਸੇ ਵਿਚ ਹੈ ਕਿ ਤੂੰ ਆਖ ਕਿ ਮੈਂ ਸਿਖ ਨਹੀਂ ਸੂਰਮੇ ਨੂੰ ਅੱਗ ਲਗ ਗਈ ਕੜਕਵੀ ਅਵਾਜ ਨਾਲ ਆਖਿਆ ਕਿ ਮੈਂ ਗੁਰੂ ਗੋਬਿੰਦ ਸਿੰਘ ਜੀ ਦਾ ਅਮਰਤਧਾਰੀ ਸਿਖ ਹਾਂ ਕਰ ਲੈ ਜੋ ਤੇਰੀ ਮਰਜੀ ਹੈ ਮੈਂ ਤੇਰੀ ਹਰ ਇਕ ਤਕਲੀਫ ਝਲਨ ਨੂੰ ਤਿਆਰ ਹਾਂ.........ਤੜ ਤੜ ਤੜ ਗੋਲੀ ਵੱਜੀ ਤੇ ਅਪਣਾ ਕਮ ਕਰ ਗਈ, ਬਹਾਦਰ ਯੋਧਾ ਲਹੂ ਨਾਲ ਲੇਥੂ ਪੇਥੂ ਹੋ, ਦੜ ਕਰਦਾ ਜਮੀਨ ਤੇ ਡਿਗ ਪਿਆ। ਹਾਇ ਕਾਇਰ ਜ਼ਾਲਮਾਂ ਦਾ ਬੁਰਾ ਹੋਵੇ, ਤੜਫਦੇ ਤੇ ਲੂਛਦੇ ਨੂੰ ਕੇਸਾਂ ਤੋਂ ਫੜਕੇ ਘੁਮਿਆਰ ਦੀ ਆਵੀ ਵਿਚ ਜਾ ਸੁਟਿਆ ਹੈ ਬੀਰ ਬਹਾਦਰ ਯੋਧੇ ਪਾਸ ਇਕ ਹਜਾਰ ਤੋਂ ਉਪਰ ਉਪਰ ਨੋਟਸਨ ਸਾਰੇ ਓਹਵੀ ਜਾਲਮਾਂ ਨੂੰ ਦੇ ਦਿਤੇ ਅਤੇ ਆਪ ਜੀਊਂਦਾ ਹੀ ਸੜ ਬਲਕੇ ਪਿਆਰੇ ਦੀ ਗੋਦ ਵਿਚ ਜਾ ਬਿਰਾਜਿਆ।

(੧੨)

ਦੋ ਸੌ ਦੇ ਲਗ ਭਗ ਯੋਧੇ ਸ਼ਹੀਦ ਹੋ ਗਏ ਸ਼ਾਂਤਮਈ ਰੈਂਹਦਿਆਂ ਹੋਇਆਂ ਨੇ ਅਪਣੇ ਆਪ ਨੂੰ ਕੁਰਬਾਨੀ ਦੀ ਬਲੀ ਪੁਰ ਬਲੀਦਾਨ ਕਰ ਦਿਤਾ ਆਪਣੀਆਂ ਦੇਹਾਂ ਪੁਰ ਕਸ਼ਟ ਸਹਾਰਕੇ ਆਪਣੇ ਖੂਨ ਨਾਲ ਪਿਆਰੇ ਦੇ ਅਸਥਾਨ ਨੂੰ ਗੰਦਗੀ ਤੋਂ ਪਵਿਤ੍ਰ ਕਰਕੇ ਸ਼ਹੀਦੀ ਲਾੜੇ ਸ਼ਹੀਦੀਆਂ ਪ੍ਰਾਪਤ ਕਰ ਪ੍ਰੀਤਮਦੇ ਦਰਬਾਰ ਵਿਚ ਜਾਂ ਬ੍ਰਾਜੇ ਅਤੇ ਆਪ ਆਪਣੇ ਆਪ ਤਾਂਈ ਗਵਾ ਪਿਆਰੇ ਦੇ ਧਾਮ ਦਾ ਸੁਧਾਰ ਕਰ ਗਏ।

## ਇਨਸਾਫ ਦਾ ਖੂਨ !

(੧੩)

ਸ਼ਹੀਦੀ ਖੂਨ ਦੇ ਵਗੇ ਦੀਆਂ ਸੋਵਾਂ ਸੁਣਕੇ ਮੁਲਕ

ਵਿਚ ਹਾਹਾ ਕਾਰ ਮਚ ਗਈ। ਵਾਯੂ ਮੰਡਲ ਵੀ ਧੁੰਦਲ ਜੇਹਾ ਹੋ ਗਿਆ ਸੂਰਜ ਦੇਵਤਾ ਵੀ ਏਸ ਜ਼ੁਲਮ ਅਤੇ ਅਪਦਰਵ ਨੂੰ ਵੇਖਕੇ ਕੋਪ ਨਾਲ ਲਾਲੋ ਲਾਲ ਹੋਗਿਆ ਹਾ! ਐਨੇ ਨਿਰਦੋਸ਼ਾਂ ਦਾ ਖੂਨ ?

ਹਾ! ਐਸਤਰਾਂ ਹਨੇਰ ਤੇ ਉਪਦਰਵ !! ਹਾ ਐਸੇ ਪਾਪ !!! ਕਿ ਧਰਮੀ ਬੰਦਿਆਂ ਦੇ ਖੂਨ ਨਾਲ ਹੋਲੀਆਂ ਖੇਡੀਆਂ ਜਾਣ !! ਨੇੜੇ ਤੇੜੇ ਦੇ ਕੀ ਅਕਾਲੀ ਤੇ ਕੀ ਤੰਬਿਆਂ ਵਾਲੇ ਕੀ ਮਾਈ ਤੇ ਕੀ ਭਾਈ ਹਜਾਰਾਂ ਦੀ ਗਿਣਤੀ ਵਿਚ ਸ਼ਹੀਦਾਂ ਦੇ ਅੰਤਲੇ ਦਰਸ਼ਨਾਂ ਨੂੰ ਸ੍ਰੀ ਨਨਕਾਣੇ ਸਾਹਿਬ ਪੁਜ ਗਏ। ਸਾਡੀ ਮੇਹਰਬਾਨ ਸਰਕਾਰ ਨਿਆਂ ਕਾਰੀ ਸਰਕਾਰ, ਜ਼ਾਲਮਾਂ ਦੀ ਦੋਸਤ ਨੇ ਪੌਹਚਣ ਦੇ ਸਾਰੇ ਰਸਤੇ ਹੀ ਬੰਦ ਕਰ ਦਿਤੇ-ਦੁਖੇ ਹੋਏ ਦਿਲਾਂ ਨੂੰ ਹੋਰ ਦੁਖਾਣ ਦੀ ਖਾਤਰ ਓਨਾ ਨੂੰ ਆਪਣੇ ਪਿਆਰਿਆਂ ਦੇ ਦਰਸ਼ਨ ਕਰਨੋਂ ਹਟਕਿਆ ਗਿਆ ਸ੍ਰੀ ਮਾਨ ਸਰਦਾਰ ਸਰਦੂਲ ਸਿੰਘ ਜੇਹੇ ਪਤਵੰਤੇ ਸਜਣਾਂ ਨੂੰ ਜ਼ੇਰ ਐਕਟ ਹੀ ਕਰ ਦਿਤਾ ਪਰ ਕੀ ਗੁਰੂ ਦਰ ਦੇ ਪ੍ਰੇਮੀ ਨਾ ਜਾ ਸਕੇ ? ਨਹੀ ੧੦ ਫੱਗਣ ਨੂੰ ਸਾਕਾ ਹੋਇਆ ਅ ੧੧ ਫਗਣ ਦੀ ਸ਼ਾਮ ਤੱਕ ਹਜ਼ਾਰਾਂ ਸਿੱਖ ਬੁਢੇ ਤੋਂ ਬਾਲ ਤਕ ਸ੍ਰੀ ਨਨਕਾਣੇ ਦੀ ਓਸ ਪਵਿਤ੍ਰ ਭੂਮੀ ਜਿਸ ਧਰਤੀ ਦੀ ਖਾਕ ਨੂੰ ਅਕਸੀਰ ਜਾਣਕੇ ਸੱਚੇ ਆਸ਼ਕਾਂ ਨੇ ਆਪਣੇ ਖੂਨ ਨਾਲ ਤਰਬਤਰ ਕੀਤਾ ਜਾ ਪੁਜੇ। ਪਾਪੀਆਂ ਦੇ ਦਿਲ ਦੈਹਲ ਗਏ ਪੰਜਾਬ ਦੇ ਲਾਟ ਸਾਹਿਬ ਸ੍ਰੀ ਹਜੂਰ ਮੈਕਲੇਗਨ ਦੌਰੇ ਤੇ ਸਨ ਝੱਟ ਨਨਕਾਣ ਸਾਹਿਬ ਜਾ ਪੁਜ ਰੋਂਦੇ ਧੋਂਦੇ ਸਿਖਾਂ ਨੂੰ ਢਾਰਸ ਦੇਣ ਵਾਸਤੇ ਪੁਲੀਟੀਕਲ ਚਾਲਚੱਲੀ ਤੇ ਆਖਿਆ **ਕਿ ਹਮ ਇਨਸਾਫ ਕਰੇਗਾ** ਯਾਰ ਦਿਲਾਂ ਨੂੰ ਤ

ਉਮੈਦਾਂ ਸਨ ਪਰ ਦੂਰ ਦੀ ਸੋਝੀ ਵਾਲੇ ਤੇ ਦਰਦੀ ਸਜਣ ਏਸ ਇਨਸਾਫ ਨੂੰ ਬਿਜਲੀ ਦਾ ਪਲ ਮਾਤਰ ਦਿਸਣ ਵਾਲਾ ਚਮਕਾਰਾ ਹੀ ਸਮਝਦੇ ਸਨ।

(੧੪)

ਨਨਕਾਣੇ ਦੇ ਦੋਸੀ ਗ੍ਰਿਫਤਾਰ ਹੋ ਗਏ ਸ਼ਹੀਦੀ ਖੂਨ ਨੇ ਰੰਗ ਲਿਆਂਦਾ ਤੇ ਜਿੱਥੇ ਕੰਜਰੀਆਂ ਦੇ ਨਾਚ ਅਤੇ ਵਿਸਕੀਆਂ ਦੇ ਦੌਰ ਚਲਦੇ ਸਨ ਫੇਰ ਸਤਿਨਾਮ ਦੀ ਧੁਨੀ ਗੂਜਣ ਲਗ ਪਈ ਇਕ ਮਾਈ ਭਾਗਾਂ ਵਾਲੀ ਵੀ ਫਿਰ ਰਹੀ ਸੀ ਜਿਸ ਨੇ ਆਪਣੇ ਜਿਗਰ ਦੇ ਪੰਜ ਪੁਤ੍ਰ ਤੇ ਇਕ ਜਾਨ ਥੀਂ ਪਿਆਰਾ ਪੋਤਰਾ ਕੁਰਬਾਨ ਕਰਾਇਆ ਸੀ। ਉਸ ਦਾ ਚੇਹਰਾ ਦਮਕਦਾ ਸੀ। ਅਤੇ ਮੂਹੋਂ ਈਹੋ ਸ਼ਬਦ ਨਿਕਲ ਰਹੇ ਸਨ ਕਿ ਹੇ ਕਰਤਾਰ ਤੇਰਾ ਸ਼ੁਕਰ ਹੈ ਜਿਸਨੇ ਮੈਂ ਨਮਾਣੀ ਦੀ ਕੁੱਖ ਸਫਲੀ ਕੀਤੀ। ਮੈਂ ਇਸਤੋਂ ਵੀ ਜਿਆਦਾ ਚੌਖਣੇ ਹੁੰਦੀ ਜੇ ਕਦੀ ਕਿ ਮੈਂ ਆਪ ਵੀ ਪੁੱਤ੍ਰਾਂ ਦੇ ਨਾਲ ਸ਼ਹੀਦੀ ਬਾਟੇ ਵਿਚੋਂ ਅੰਮ੍ਰਿਤ ਛੱਕ ਲੈਂਦੀ। ਸ੍ਰ: ਦਲੀਪ ਸਿੰਘ ਜੀਦੀ ਭੈਣ ਵੀਰ ਦੇ ਵਯੋਗ ਵਿਚ ਬੇਹਬਲ ਸੀ ਅਤੇ ਆਖਦੀ ਸੀ ਕਿ ਹੇ ਮੇਹਰਾਂ ਵਾਲੇ ਮੈਨੂੰ ਵੀਰ ਥੀਂ ਨਹੀਂ ਵਛੋੜਨਾ ਸਊ ਜਿਥੇ ਮੇਰਾ ਵੀਰ ਗਿਆ ਹੈ ਮੈਨੂ ਵੀ ਉਥੇ ਹੀ ਭੇਜਦੇ? ਓਹ ਆਪ ਤਾਂ ਸੁਖੀ ਹੋਣਗੇ ਅਤੇ ਕਲਗੀ ਧਰ ਦੇ ਚਰਨਾਂ ਵਿਚ ਮੌਜ ਮਾਣਦੇ ਹੋਣਗੇ ਪਰ ਮੈਂ ਨਮਾਣੀ ਦਾ ਕੌਣ? ਭਾ: ਲਛਮਣ ਸਿੰਘ ਜੀਦੀ ਸਿੰਘਣੀ ਭਾਣੇ ਵਿਚ ਖੁਸ਼ੀ ਸੀ। ਤੇ ਵਾਹਿਗੁਰੂ ਦਾ ਧੰਨ ਵਾਦ ਕਰ ਰਹੀ ਸੀ।

ਇਨਸਾਫ ਦਾ ਵੇਲਾ ਆਗਿਆ ਅ ਹੇ ਘੋਰ ਪਾਪ ਦੇ ਕਰਨ ਹਾਰਿਆਂ ਨੂੰ ਚੋਦਾਂ ੨ ਸਾਲ ਦੀ ਸਜ਼ਾ ਤੇ ਕਿਸੇ ਇਕ

ਅੱਧ ਨੂੰ ਫਾਂਸੀ ਹੋ ਗਈ ਓਧਰ ਸ੍ਰੀ ਮਾਨ ਭਾ: ਕਰਤਾਰ ਸਿੰਘ ਜੀ ਝੱਬਰ, ਅਰ ਭਾਈ ਤੇਜਾ ਸਿੰਘ ਜੀ, ਭੁਚਰ, ਆਦ ਸਿੱਖ ਮੁਖੀਆਂ ਨੂੰ ਗ੍ਰਿਫਤਾਰ ਕਰ ਲੀਤਾ ਡਾਕੇ ਚੋਰੀ ਦੀਆਂ ਵੱਡੀਆਂ ੨ ਦਫਾ ਲਾਕੇ ਅਠਾਰਾਂ ੨ ਤੇ ਸਤ ੨ ਸਾਲ ਲਈ ਜੇਹਲਾਂ ਵਿਚ ਧੱਕ ਦਿੱਤਾ ਖੂਬ ਇਨਸਾਫ ਵਾਹ ਵਾ !! ਇਨਸਾਫ 'ਇਨਸਾਫਦੀ ਰੱਜਕੇ ਮਿੱਟੀ ਪਲੀਤ ਕੀਤੀ ਗਈ । ਸਾਡੇ ਲਾਟ ਦੇ ਆਖੇ ਅੱਖਰ ਪਾਨੀ ਪੁਰ ਲਕੀਰ ਹੋ ਗਏ।

(੧੫)

ਪਿਆਰੇ ਪਾਠਕੋ ! ਆਓ ਖਾਂ ਅਸੀਂ ਸਿੱਟਾ ਕਢੀਏ ਕਿ ਏਸ ਸਾਕੇ ਦੀ ਤੈਹ ਵਿਚ ਕੀ ਕੁਛ ਸੀ ? ਇਸਦੀ ਤੇਹ ਵਿਚ ਭੈੜਾ ਤੇ ਨਾ ਕਾਫੀ ਕਾਨੂੰਨ ਇਸਦੀ ਤੈਹ ਵਿਚ ਸਰਕਾਰੀ ਕਰਮਚਾਰੀਆਂ ਦੀਆਂ ਸਵਾਰਥ ਪੂਰਤ ਚਾਲਾਂ ਸਨ ! ਕੌਣ ਆਖ ਸਕਦਾ ਹੈ ਕਿ ਜਦੋਂ ਸਿੱਖ ਅਖਬਾਰਾਂ ਰੌਲਾ ਪਾ ਰਹੀਆਂ ਸਨ ਕਿ ਮਹੰਤ ਪੰਥ ਦੇ ਮੁਕਾਬਲੇ ਲਈ ਛਵੀਆਂ ਡਾਂਗਾ ਬੰਦੂਕਾਂ ਰੱਖ ਰਿਹਾ ਹੈ ਲੁੱਚੇ ਅਰ ਗੁੰਡਿਆਂ ਨੂੰ ਆਪਣੀ ਰਖਿਆ ਹਿਤ ਭਰਤੀ ਕਰ ਰਿਹਾ ਹੈ ਨੌਕਰਸ਼ਾਹੀ ਦੇ ਚਾਟੜਿਆਂ ਨੂੰ ਕੋਈ ਪਤ ਨਹੀਂ ਸੀ ? ਹਨੇਰ ਸਾਂਈ ਦਾ ਕਿ ਸ੍ਰੋ: ਗੁ: ਪ੍ਰ: ਕਮੇਟੀ ਦੀ ਤਾਂ ਚਿੱਠੀ ਪੱਤ੍ਰ ਤਕ ਦਾ ਨੌਕਰਸ਼ਾਹੀਆਂ ਨੂੰ ਪਤਾ ਲਗ ਜਾਵੇ ਪਰ ਇਹ ਪਤਾ ਨ ਲਗੇ ਕਿ ਮਹੰਤ ਐਨੀਆਂ ਤਿਆਰੀਆਂ ਸਿੱਖਾਂ ਦੇ ਕਤਲ ਕਰਨ ਵਾਸਤੇ ਕਰ ਰਿਹਾ ਹੈ ! ਨੌਕਰਸ਼ਾਹੀ ਨੂੰ ਮਹੰਤ ਦੀਆਂ ਸਾਰੀਆਂ ਚਾਲਾਂ ਦਾ ਜਰੂਰ ਪਤਾ ਸੀ ਅਤੇ ਅਵੱਸ਼ ਪਤਾ ਸੀ ਬਲਕਿ ਉਸ ਨੂੰ ਸਾਡੇ ਨਾਲੋਂ ਵੀ ਜ਼ਿਆਦਾ

ਗੁਰਦਵਾਰੇ ਆਮ ਲੋਕਾਂ (ਪੰਚੈਤਾਂ) ਦੇ ਇੰਤਜ਼ਾਮ ਹੇਠ ਹੁੰਦੇ ਸਨ, ਜਦ ਕੋਈ ਪੁਜਾਰੀ ਖਰਾਬੀ ਕਰਦਾ ਉਸਨੂੰ ਬਦਲ ਦਿਤਾ ਜਾਂਦਾ ਰਾਜਾ ਯਾਂ ਬਾਦਸ਼ਾਹ ਦਾ ਏਸ ਧਾਰਮਕ ਮਾਮਲੇ ਵਿਚ ਕੋਈ ਹੱਥ ਨਹੀਂ ਸੀ ਹੁੰਦਾ ਦੂਜੇ ਮਤਾਂ ਵਿਚ ਭਾਵੇਂ ਇਸਦਾ ਰਵਾਜ ਪੂਰਾ ਪੂਰਾ ਨਹੀਂ ਸੀ ਪਰ ਸਿਖਾਂ ਵਿਚ ਇਸ ਪੁਰ ਪੂਰਾ ਪੂਰਾ ਅਮਲ ਹੁੰਦਾ ਸੀ ਗੁਰਦਵਾਰੇ ਸੰਗਤ ਦੇ ਤੈਹਤ ਵਿਚ ਹੁੰਦੇ ਸਨ ` ਸੇਵਾਦਾਰ ਮਹੰਤ ਪੁਜਾਰੀ ਆਦਕਾਂ ਦਾ ਮੁਕੱਰਰ ਕਰਨ ਯਾਂ ਹਟੌਣਾਂ ਸੰਗਤ ਦੇ ਵਸਵਿਚ ਹੁੰਦਾ ਸੀ, ਅਤੇ ਏਸ ਗਲ ਦੀ ਹੋਂਦ ਵਿਚ ਕਿ ਮਹਾਰਾਜ ਰਣਜੀਤ ਸਿੰਘ ਜੀ ਆਪ ਇਕ ਪੱਕੇ ਸਿੱਖ ਸਨ ਪਰ ਓਹਨਾਂ ਨੇ ਵੀ ਗੁਰਦਵਾਰਿਆਂ ਦੇ ਮਾਮਲੇ ਵਿਚ ਕਿਸੇ ਕਿਸਮ ਦਾ ਦਖਲ ਨਹੀਂ ਸੀ ਦਿੱਤਾ ਸੰਗਤ ਦੇ ਹੁਕਮ ਹੇਠ ਸਾਰੀ ਕਾਰਵਾਈ ਭੁਗਤਦੀ ਸੀ ਮਿਸਾਲ ਦੇ ਤੌਰ ਤੇ ਜਦ ਉਦਾਸੀਆਂ ਨੇ ਸ੍ਰੀ ਦਰਬਾਰ ਸਾਹਿਬ ਵਿਚ ਗਿਲਾਨੀ ਫੈਲਾਈ ਤਾਂ ਖਾਲਸੇ ਨੇ ਉਨ੍ਹਾਂ ਨੂ ਹਟਾਕੇ ਭਾਈ ਚੰਚਲਸਿੰਘ ਆਦ ਪਤਵੰਤੇ ਸਿੱਖਾਂ ਨੂੰ ਦਰਬਾਰ ਸਾਹਿਬ ਦਾ ਇੰਤਜ਼ਾਮ ਦੇ ਦਿੱਤਾ। ਮਹਾਰਾਜਾ ਦੇ ਐਹਲਕਾਰ ਏਸ ਨਵੇਂ ਇੰਤਜ਼ਾਮਵਿਚ ਭਾਵੇਂ ਐਡੇ ਖੁਸ਼ ਨਹੀਂ ਸਨ ਪਰ ਨਾਲ ਹੀ ਖਾਲਸੇ ਦੇ ਪੰਚੈਤੀ ਫੈਸਲੇ ਵਿਚ ਦਖਲ ਵੀ ਨਹੀਂ ਸਨ ਦੇ ਸਕਦੇ ਏਸੇ ਤਰਾਂ ਅਗਰ ਸਿਖ ਇਤਹਾਸ ਨੂੰ ਫੋਲੀਏ ਤਾਂ ਸੈਂਕੜੇਮਿਸਾਲਾਂ ਅਜੇਹੀਆਂ ਮਿਲਨਗੀਆਂ ਜਿਨ੍ਹਾਂ ਦਵਾਰਾ ਇਹ ਸਾਫ਼ ਸਿਧ ਹੋ ਜਾਊ ਕਿ ਸੰਗਤਾਂ ਦੇ ਇੰਤਜ਼ਾਮ ਵਿਚ ਕਿਸੇ ਨੂੰ ਦਖਲ ਨਹੀਂ ਸੀ ਹੁੰਦਾ ਤੇ ਗੁਰਦਵਾਰਿਆਂ ਦਾ ਬੰਦੋ ਬਸਤ ਪੰਚੈਤੀ ਸੀ ਅਜੇਹੇ ਰਵਾਜ ਦੀ ਹੋਂਦ ਵਿਚ ਮਹੰਤ ਤੇ ਪੁਜਾਰੀ ਆਦ

ਸੰਗ੍ਰਤ ਦੇ ਤਾਬੇਦਾਰ ਹੁੰਦੇ ਸਨ ਤੇ **ਸਰਕਾਰ ਦੀ**

**ਹਮੈਤ ਵਿਚ ਆਕੇ ਬੁਰਛੇ ਨਹੀਂ ਸੀ ਹੁੰਦੇ !**

ਜਦ ਅੰਗ੍ਰੇਜ਼ੀ ਰਾਜ ਆਇਆ ਤਾਂ ਸੰਗਤਾਂ ਦੇ ਹੱਕਾਂ ਨੂ ਉੱਕਾ ਹੀ ਹਟਾ ਦਿੱਤਾ ਗਿਆ ਇਕ ਕਾਨੂਨ ਬਣਿਆਂ ਕਿ ਜਿਸਦਾ ਕਿਸੇ ਥਾਂ ਪੁਰ ੧੨ ਸਾਲ ਦਾ ਕਬਜ਼ਾ ਹੋ ਜਾਵੇ ਓਹ ਓਸ ਥਾਂ ਦਾ ਮਾਲਕ ਸਮਝਿਆ ਜਾਵੇ ਗੁਰਦੁਆਰਿਆਂ ਪੁਰ ਵੀ ਈਹੋ ਕਾਨੂੰਨ ਚੁਕ ਜੜਿਆ ਤੇ ਇਸਦੇ ਨਾਲ ਹੀ ਦਫਾ ੯੨ ਲਾ ਦਿੱਤੀ ਕਿ ਮਹੰਤ ਪੁਜਾਰੀ ਭਾਵੇ ਧਰਮਸਾਲਾ ਗੁਰਦਵਾਰਿਆਂ ਵਿਚ ਘੋਰ ਦੁਰਾਚਾਰ ਵੀ ਕਿਉਂ ਨਾ ਕਰਨ ਜਦ ਤਕ ਡਿਪਟੀ ਕਮਿਸ਼ਨਰਾਂ ਨੂੰ ਇਤਲਾਹ ਨਾ ਦਿੱਤੀ ਜਾਵੇ ਤਦ ਤਕ ਓਹ ਉਨ੍ਹਾਂ ਬਦਮਾਸ਼ ਮਹੰਤਾਂ ਪੁਜਾਰੀਆਂ ਨੂੰ ਪੁਛ ਵੀ ਨਾ ਸਕਣ ਮਹੰਤੜਿਆਂ ਨੂੰ ਏਸ ਗਲ ਦਾ ਪਤਾ ਸੀ ਸੋ ਉਨ੍ਹਾਂਨੇ ਬਜਾਏ ਏਸਦੇ ਕਿਸੰਗਤਾਂਦੀ ਪ੍ਰਵਾਹ ਕੀਤੀ ਜਾਵੇ ਸਰਕਾਰੀ ਲੋਕਾਂ ਤੇ ਅਫਸਰਾਂ ਨੂੰ ਖੁਸ਼ੀ ਰੱਖਣਾ ਆਪਣਾ ਕਿਤਾ ਬਣਾ ਲਿਆ।

ਨਿਤ ਨਵੀਆਂ ਡਾਲੀਆਂ ਤੇ ਨਿਤ ਨਵੀਆਂ ਕਾਨੂਨ ਦੀਆਂ ਚੜਤਾਂ ਜਾਣੀਆਂ ਸ਼ੁਰੂ ਹੋ ਗਈਆਂ ਖਾਲਸੇ ਸੁਤੇ ਹੋਏ ਹੀ ਸਨ, ਮਹੰਤਾਂ ਦਾ ਦਾਰੂ ਚਲ ਗਿਆ ਤੇ ਊਠ ਦਾ ਏਸ ਪਾਸੇ ਬੈਹਣਾ ਕਾਰ ਆਇਆ ਘਰ ਘਰ ਵਧਾਈਆਂ ਸਨ, ਮੁਫਤ ਦੀ ਔਲਾਦ ਕੰਗਾਲੋਂ ਅਮੀਰ ਬਣ ਗਈ, ਬਈ ਵਾਹ ! ਜੋ ਕੀਤਾ ਨਾਕਰਿਆ ਕੰਮ ਮੁਫਤ ਦਾ ਸਰਿਆ ਸਰਕਾਰੀ ਕਾਨੂਨ ਅਕਸੀਰ ਸਾਬਤ ਹੋਇਆ, ਕਿਸੇ ਇਕੜ ਦੁਕੜ ਦੀ ਮਜਾਲ ਹੀ ਕੀ ਸੀ ਜੋ ਮੂੰਹ ਵੀ ਕਰਦਾ ਏਧਰ ਤਾਂ ਬੁਧੂ ਸ਼ਾਹ ਹੁਰਾਂ ਨਾਲ ਯਰਾਨੇ ਸਨ ਤੇ ਔਧਰ

ਸਾਹਬ ਬਹਾਦਰਾਂ ਦੀਆਂ ਮੁਠਾਂ ਤਰ ਸਨ, 'ਮਾਵਾਂ ਧੀਆਂ ਗਾਣ ਬਜਾਣ ਪਿਓ ਪੁਤ੍ਰ ਜਾਂਜੀ' ਕਿਸੇ ਦੀ ਪੁਛ ਗਿਛ ਹੀ ਕਾਹਦੀ ?

ਸੋ ਪਾਠਕੋ ! ਅਸੀ ਸੰਖੇਪ ਨਾਲ ਕਾਨੂੰਨ ਦਾ ਖੁਲਾਸਾ ਖੋਲਿਆ ਹੈ ਏਸੇ ਕਾਨੂੰਨ ਦੀ ਬਰਕਤ ਤੁਹਾਡੇਵੀਰਾਂ ਦਾ ਸ਼ਹੀਦ ਹੋਣਾ ਹੈ, ਸੋ ਬਜਾਏ ਏਸਦੇ ਕਿ ਤੁਸੀ ਨ੍ਰੈਣ ਦਾਸ ਨੂੰ ਲਾਹਨਤਾਂ ਪਾਓ ਸਗੋਂ ਏਸ ਕਾਨੂੰਨ ਦੇ ਕਾਰਨੇ ਪਾਓ ਜਿਸਨੇ ਕਿ ਨ੍ਰੈਣੂ ਨੂੰ ਅਜਿਹਾ ਕਰਨ ਦੀ ਸ਼ੈਹ ਦਿੱਤੀ, ਤੁਹਾਡੇ ਭਰਾਵਾਂ ਨੂੰ ਛਵੀਆਂ ਨਾਲ ਕਿਸ ਟੁਕਵਾਇਆ ?

ਤੁਹਾਡੇਵੀਰਾਂ ਨੂੰ ਕੀਮਾਂ ਕੀਮਾਂ ਕਿਸ ਕਰਵਾਇਆ ?

ਤੁਹਾਡੇ ਮਾਂ ਪਿਓ ਜਾਇਆਂ ਨੂੰ ਐਨੇ ਕਸ਼ਟ ਕਿਉਂ ਸਹਾਰਨੇ ਪਏ ? ਤੁਹਾਡਾ ਖੂਨ ਪਾਣੀ ਵਾਂਗੂ ਕਿਉਂ ਵਗਿਆ ਤੇ ਵਗ ਰਿਹਾ ਹੈ ?

ਏਨਾਂ ਸਾਰੀਆਂ ਗਲਾਂ ਦਾ ਉਤਰ ਸਿਰਫ ਅੰਗਰੇਜ਼ੀ ਰਾਜ ਦਾ ਕਾਨੂੰਨ ਹੀ ਹੈ। ਜਿਸਦੀ ਬਰਕਤ ਅਜ ਤਾਈਂ ਵੇਖ ਰਹੇ ਤੇ ਵੇਖਾਂਗੇ।

## ਖਾਲਸਾ ਜੀ ਏਸ ਕਾਨੂੰਨ ਦੀ ਮਿੱਟੀ ਪਲੀਤ ਕਰ ਦਿਓ !

ਪਿਆਰੇ ਖਾਲਸਾ ਜੀ ਜੇਹੜਾ ਕਾਨੂੰਨ ਤੁਹਾਨੂੰ ਜਿਉਂਦਿਆਂ ਭੱਠਾਂ ਵਿਚ ਜਲਵੌਂਦਾ ਹੋਵੇ, ਜੇਹੜਾ ਕਾਨੂੰਨ ਡਾਂਗਾ ਨਾਲ ਤੁਹਾਡੇ ਹਡ ਗੋਡੇ ਭਨੌਂਦਾ ਹੋਵੇ, ਜਿਸ ਕਾਨੂੰਨ ਦੀ ਹੋਂਦ ਵਿਚ ਸ੍ਰੀ ਨਨਕਾਣੇ ਜੇਹੇ ਖੂਨੀ ਸਾਕੇ ਹੁੰਦੇ ਹੋਣ ਜਿਸ ਕਾਨੂੰਨ ਦੇ ਚਾ ਵਿਚ ਗੁਰੂ ਕੇ ਬਾਗ ਟ੍ਰੈਨ ਦੀਆਂ

ਨਦੀਆਂ ਵਗਦੀਆਂ ਹੋਣ ਕੀ ਉਹ ਕਾਨੂਨ ਰੈਹਣਾ ਚਹੀਦਾ ਹੈ ? ਕਦੀ ਨਹੀਂ ! ਅਜੇਹੇ ਕਾਨੂੰਨ ਦੀ ਮਿਟੀ ਪੁਟ ਦਿਓ ਤੇ ਐਤਕੀ ਦੀ ਵੇਰ ਹੀ ਕੱਠੇ ਹੋਕੇ ਨਿੱਤ ਦਾ ਰੇੜਕਾ ਮੁਕਾ ਦਿਓ। ਸਾਡੇ ਖਿਆਲ ਵਿਚ ਅਜੇਹੇ ਨੌਕਰਸ਼ਾਹ ਰਾਜ ਦਾ ਹੀ ਸੁਧਾਰ ਲੋੜੀਦਾ ਹੈ, ਜਿਸ ਵਿਚ ਕਿ ਪਰਜਾ ਦੀ ਮਰਜੀ ਨਾਲ ਤੇ ਪਰਜਾ ਦੀ ਰਖਿਆ ਵਾਸਤੇ ਕੋਈ ਕਾਨੂਨ ਵੀ ਨਹੀਂ ਬਣਿਆ ਹੋਇਆ ਜਿਸਦੇ ਕਿ ਸਾਰੇ ਕਾਨੂਨ ਹੀ ਉਸਦੇ ਆਪਣੇ ਫਾਇਦੇ ਦ ਵਾਸਤੇ ਹਨ, ਖਾਲਸਾ ਜੀ ! ਇਹ ਨੌਕਰਸ਼ਾਹੀ ਰਾਜ ਹੀ ਹੈ ਜਿਸਦੇ ਕਾਨੂਨ ਸਾਡੇ ਗੁਰਦਵਾਰਿਆਂ ਵਿਚ ਟੰਗ ਅੜਾਈ ਰਖਣਾ ਚਾਹੁੰਦੇ ਹਨ, ਅਤੇ ਜਿਸਦੇ ਕਾਨੂਨ ਸਾਨੂ ਸਦਾ ਲਈ ਆਜ਼ਾਦੀ ਦੀ ਹਵਾ ਵਿਚ ਸਾਹ ਲੈਣਾ ਨਹੀਂ ਵੇਖ ਸਕਦੇ ਅਤੇ ਜਿਸਦੇ ਕਾਨੂਨ ਧਰਮ ਕਰਮ ਕਰਦਿਆਂ ਨੂੰ ਬਾਗੀ ਬਨਾ ਰਹੇ ਹਨ, ਕੀ ਆਪਨੂ ਅਜੇਹੇ ਕਾਨੂਨ ਦੀ ਲੋੜ ਹੈ ? ਕੀ ਆਪਨੂੰ ਇਹ ਚੰਗਾ ਲਗਦਾ ਹੈ ਕਿ ਨਿਤ ਨਵੇਂ ਸ੍ਰੀ ਅਕਾਲ ਤਖਤ ਸਾਹਿਬ ਦੀ ਹਤਕ ਹੋਵੇ ? ਕੀ ਅਸੀ ਜਰ ਸਕਦੇ ਹਾਂ ਕਿ ਗੁਰੂ ਹਰਰਾਏ ਜੀ ਦੀ ਦਾਤ ਨੂੰ ਪਾਪੀ ਕਾਨੂਨ ਕਾਨੂਨ ਦੀ ਰੌਲੀ ਪਾਕੇ ਖੋਹ ਲੈਣ ? ਨਹੀਂ, ਕਦੀ ਨਹੀਂ ! ਬਿਲਕੁਲ ਨਹੀਂ !! ਅਸੀ ਇਹ ਕਦੀ ਨਹੀਂ ਸਹਾਰਾਂਗੇ, ਜਦ ਤੀਕਣ ਏਸ ਨੌਕਰਸ਼ਾਹੀ ਰਾਜ ਦਾ ਹੀ ਸੁਧਾਰ ਨਹੀਂ ਕਰ ਲਵਾਂਗੇ ਤਦ ਤਕ ਦਮ ਨਹੀਂ ਲਵਾਂਗੇ। ਸਾਨੂ ਇਹ ਕਦੀ ਨਹੀਂ ਭਾਂਵਦਾ ਕਿ ਸਾਨੂੰ ਗੁਰਦਵਾਰਿਆਂ ਵਿਚ ਜਾਂਦਿਆਂ ਨੂੰ ਮਾਰਿਆ ਕੁਟਿਆ ਤੇ ਬੇਇਜਤ ਕੀਤਾ ਜਾਵੇ ਅਸੀ ਇਹ ਨਹੀਂ ਵੇਖ ਸਕਦੇ ਕਿ

ਪਾਪੀ ਮਹੰਤ ਨੌਕਰਸ਼ਾਹੀ ਕਾਨੂੰਨ ਦੀ ਓਟ ਵਿਚ ਹਰ ਤਰਾਂ ਦੇ ਦੁਰਾਚਾਰ ਗੁਰਧਾਮਾਂ ਵਿਚ ਕਰਨ, ਅਸਾਂ ਤਾਂ ਅਜੇਹੇ ਕਾਨੂੰਨ ਕਦੀ ਵੀ ਨਹੀਂ ਮਨਣੇ ਜੇਹੜੇ ਕਾਨੂੰਨ ਕਿ ਸਾਡੀ ਆਜ਼ਾਦੀ ਵਿਚ ਰੋੜਾ ਬਣਨ ਅਸੀ ਕੀ ਧਾਰਮਕੀ ਕੀ ਪੁਲੀਟੀਕਲ ਹਰ ਕਿਸਮ ਦੀ ਆਜ਼ਾਦੀ ਨੂੰ ਲੈਕੇ ਹੀ ਦਮ ਲਵਾਂਗੇ ਤੇ ਜਦ ਤਕ ਇਹ ਨਹੀਂ ਕਰ ਲਵਾਂਗੇ ਸੁਖ ਦੀ ਨੀਂਦੇ ਨਹੀਂ ਸਵਾਂਗੇ।

## ਸ਼ਾਂਤਮਈ ਸ਼ਹੀਦੀ ਦਾ ਰੰਗ ਵੇਖੋ

ਦਿਲਾ ਵਲ ਨਨਕਾਣੇ ਦੇ ਚਲ ਤੂੰ ਵੀ,
ਲਾਲ ਵੇਖ ਲੈ ਖੇਡਦੇ ਹੋਲੀਆਂ ਨੇ
ਰਬੀ ਨੂਰ ਦੇ ਸੋਹਣੇ ਪਿਆਰ ਅੰਦਰ,
ਵਾਹਵਾ ਰੰਗੀਆਂ ਬ੍ਰਿਹੋਂ ਵਿਚ ਚੋਲੀਆਂ ਨੇ।
ਗਾਨੇ ਹਥ ਸਹੀਦੀ ਦੇ ਬਨ ਕੇ ਤੇ,
ਚਲੇ ਵਰਨ ਵਿਵਾਹੁਣੇ ਡੋਲੀਆਂ ਨੇ।
ਜੰਵ ਬਨ ਸ਼ਹੀਦਾਂ ਦੀ ਤੁਰੇ ਲੋਕੋ,
ਆਓ ਭਗਤ ਲਈ ਅਗੇ ਗੋਲੀਆਂ ਨੇ।
ਦੁਨੀਆਂ ਵਾਲਿਓ ਗੁਰੂ ਦੀ ਜਨਮ ਭੂਮੀ,
ਹੁੰਦਾ ਜ਼ੁਲਮ ਤੇ ਧਰਮ ਦਾ ਜੰਗ ਵੇਖੋ।
ਹਸ ੨ ਕੇ ਕੀਮਾਂ ਕਰੌਣ ਜਿੰਦਾ,
ਸ਼ਾਂਤਮਈ ਸ਼ਹੀਦੀ ਦਾ ਰੰਗ ਵੇਖੋ।
ਮਾਹੀ ਪ੍ਰੇਮ ਅੰਦਰ ਬਿਰੋਂ ਕੁਠਿਆਂ ਨੇ,
ਖ਼ਾਤਰ ਦਰਸ ਦੀ ਸੀਸ ਝੁਕਾਏ ਜਾਕੇ।
ਹਵਨ ਕੁੰਡ ਰਚਿਆ ਜੇਹੜਾ ਪਾਪੀਆਂ ਨੇ,

ਬਦਨ ਸਿੰਘਾਂ ਅਹੂਤੀਆਂ ਪਾਏ ਜਾਕੇ।
ਸੀਸ ਰਖਕੇ ਤਲੀ ਤੇ ਜੋਧਿਆਂ ਨੇ,
ਜੀਓਂਦੇ ਆਪਣੇ ਬਦਨ ਜਲਾਏ ਜਾਕੇ।
ਨਾਲ ਬਝ ਜੰਡਾਂ, ਪੈਕੇ ਵਿਚ ਭੱਠੀਂ,
ਦਰਸਨ ਪ੍ਰੀਤਮ ਪਿਆਰੇ ਦੇ ਪਾਏ ਜਾਕੇ।
ਹੁੰਦਾ ਦਰਸ ਪਿਆਰੇ ਦਾ ਇੰਜ ਲੋਕੋ,
ਖੇਡ ਪ੍ਰੇਮ ਦੀ ਹੋਲੀ ਨਸ਼ੰਗ ਵੇਖੋ।
ਸੀਸ ਰਖਕੇ ਤਲੀ ਮੈਦਾਨ ਆਕੇ,
ਸ਼ਾਂਤਮਈ ਸ਼ਹੀਦੀ ਦਾ ਰੰਗ ਵੇਖੋ।
ਜਦੋਂ ਇਸ਼ਕ ਨਗਾਰੇ ਤੇ ਚੋਟ ਲਗੀ,
ਸੂਰੇ ਨਿਕਲੇ ਜਿੰਦ ਘੁਮਾਣਵਾਲੇ।
ਪੁਠੇ ਲਟਕ ਕੇ ਜੰਡਾਂ ਦੇ ਨਾਲ ਯਾਰੋ,
ਸਚੇ ਇਸ਼ਕ ਦੇ ਰਾਹ ਤੇ ਜਾਣ ਵਾਲੇ।
ਲਛਮਣ ਬੀਰ ਤੇ ਸਿੰਘ ਦਲੀਪ ਵਰਗੇ,
ਸੋਹਣੀ ਆਨ ਵਾਲੇ ਸੋਹਣੀ ਸ਼ਾਨ ਵਾਲੇ।
ਛਵੀਆਂ ਆਪਣੇ ਬਦਨ ਸਹਾਰਕੇ ਤੇ,
ਲੋਕੋ ਜਾਮ ਸ਼ਹਾਦਤ ਦਾ ਪਾਨ ਵਾਲੇ।
ਮੂੰਹ ਤੇ ਆਈ ਲਾਲੀ ਪ੍ਰੀਤਮ ਦਰਸ ਪਾਕੇ,
ਇਸ ਇਸ਼ਕ ਦਾ ਨਵਾਂ ਹੀ ਢੰਗ ਵੇਖੋ।
ਪਾਪ ਪਾਪੀਆਂ ਦਾ ਏਥੋਂ ਦੂਰ ਹੋਇਆ,
ਸ਼ਾਂਤਮਈ ਸ਼ਹੀਦੀ ਦਾ ਰੰਗ ਵੇਖੋ।
ਤੇਰੇ ਪਿਆਰ ਅੰਦਰ ਬਝੇ ਨਾਲ ਜੰਡਾਂ,
ਖਾਂਦੇ ਪਾਪੀਆਂ ਦੇ ਕੋਲੋਂ ਮਾਰ ਬਾਬਾ।
ਛਵੀਆਂ ਨਾਲ ਕੀਮਾਂ ਕੀਮਾਂ ਕਰਨ ਪਾਪੀ,

ਅਗੋਂ ਕਰਨ, ਜੋਧੇ ਨਾਹੀ ਵਾਰ ਬਾਬਾ।
ਤੇਰਾ ਦਸਿਆ ਮਿਸ਼ਨ ਨਭੌਣ ਖਾਤਰ,
ਸ਼ਾਂਤਮਈ ਸੋਹਣੀ ਬੈਠੇ ਧਾਰ ਬਾਬਾ।
ਜਨਮ ਭੂਮੀ ਚੋਂ ਪਾਪ ਹਟੌਣ ਖਾਤਰ,
ਹੋਇਆ ਦੋ ਸੌ ਸਿੰਘ ਨਸਾਰ ਬਾਬਾ।
'ਮੇਹਰ' ਹੋਈ ਸ਼ਹੀਦੀ ਦਾ ਪਰਬ ਲਗਾ,
ਗੁਰੂ ਸਦਦਾ ਵਿਚ ਸਰਰੰਗ ਵੇਖੋ।
ਲਛਮਨ ਬੀਰ ਦੇ ਵਾਂਗ ਮੈਦਾਨ ਆਕੇ,
ਸ਼ਾਂਤਮਈ ਸ਼ਹੀਦਾਂ ਦਾ ਰੰਗ ਵੇਖੋ।

# ਸ਼ਾਂਤਮਈ ਸ਼ਹੀਦੀ ਦਾ ਰੰਗ ਵੇਖੋ

ਜਿਨ੍ਹਾਂ ਪ੍ਰੇਮ ਦੇ ਇਸ਼ਕ ਦੀ ਚਾਟ ਲੱਗੀ,
ਪੀਤੀ ਨਾਮ ਵਾਲੀ ਉਨਾਂ ਭੰਗ ਦੇਖੋ!
ਚੇਹਰੇ ਲਾਲ ਗੁਲਾਲ ਤੇ ਦਿਲੀ ਚਾਓ,
ਸੂਰੇ ਗਰਜਦੇ ਮਸਤ ਮਲੰਗ ਦੇਖੋ!
ਜਦੋਂ ਜੱਗ ਪੇਂਦੀ ਸ਼ਮਾ, ਓਸ ਵੇਲੇ,
ਜਲਨ ਵਾਸਤੇ ਔਣ ਪਤੰਗਾ ਵੇਖੋ!
ਪਿਆਰੇ ਯਾਰ ਦੀ ਗਲੀ ਚ ਜਾਵੜਦੇ,
ਪ੍ਰੇਮੀ ਸਾੜ ਲੈਂਦੇ ਅੰਗ ਅੰਗ ਵੇਖੋ!
ਲਛਮਨ ਸਿੰਘ ਜੀ ਨੂੰ ਪ੍ਰੇਮ ਚਾਟ ਲੱਗੀ,
ਆਈ ਮਰਨ ਦੀ ਤੁਰਤ ਉਮੰਗ ਦੇਖੋ!
ਹੱਥ ਜੋੜਕੇ ਪਿਆਰੜੇ ਗੁਰੂ ਪਾਸੋਂ,

ਲਈ ਦਾਤ ਸ਼ਹੀਦੀ ਦੀ ਮੰਗ ਦੇਖੋ!
ਸੱਲ ਗਿਆ ਕਲੇਜੜਾ ਹਾਇ! ਖ਼ੂਨੀ,
ਡਾਢਾ ਵੱਜਿਆ ਤੇਜ ਖ਼ਦੰਗ ਦੇਖੋ!
ਨਦੀ ਹਿਜਰ ਫਿਰਾਕ ਦੀ ਦੇ ਠਾਠਾਂ,
ਰਾਂਝੇ ਯਾਰ ਚੱਲੇ ਵੱਲ ਝੰਗ ਦੇਖੋ!
ਜਿੰਦ ਵਾਰਨੇ ਨੂੰ ਗੁਰੂ ਲਾਲ ਚੱਲੇ,
ਸ਼ਾਂਤਮਈ ਦੇ ਸੋਹਣੇ ਢੰਗ ਦੇਖੋ!
ਪਾਪ ਰਾਜ ਦਾ ਰੁਖ ਉਖਾੜਨੇ ਨੂੰ,
ਲੱਗਾ ਜ਼ੁਲਮ ਤੇ ਧਰਮ ਦਾ ਜੰਗ ਦੇਖੋ!
ਨਦੀ ਵੱਗਦੀ ਸ਼ੂਕਦੀ ਕੈਹਰ ਭਰੀ,
ਔਂਦੇ ਪਾਪ ਦੇ ਚੜ੍ਹੇ ਤਰੰਗ ਦੇਖੋ!
ਛਾਲਾਂ ਮਾਰ ਕਰਕੇ ਪ੍ਰੇਮੀ ਠਿੱਲ ਪਏ,
ਹੋਗਏ ਲੋਕ ਜਹਾਨ ਦੇ ਦੰਗ ਦੇਖੋ!
ਅਪਣੇ ਗੁਰੂ ਦੇ ਦਰ ਤੋਂ ਹੋਣ ਸਦਕੇ,
ਚੱਲੇ ਬੀਰ ਬਲਵਾਨ ਨਿਹੰਗ ਦੇਖੋ!
ਸਤਿ ਸ੍ਰੀ ਅਕਾਲ ਦੇ ਬੋਲ ਨਾਹਰੇ,
ਚੜ੍ਹੇ ਜ਼ੁਲਮ ਵਾਲੀ ਭੰਨਣ ਟੰਗ ਦੇਖੋ!
ਹੋਲੀ ਚੱਲੇ ਖੇਡਣ ਨਾਲ ਖ਼ੂਨ ਆਪਣੇ,
ਦੋ ਸੌ ਸੂਰਿਆਂ ਦਾ ਤੁਰਿਆ ਸੰਗ ਦੇਖੋ!
ਕੀ ਕੁਝ ਵਰਤਸੀ ਨਾਲ ਪ੍ਰੇਮੀਆਂ ਦੇ ?
ਇਹ ਵੀ ਚੱਲਸੀ ਜੱਗ ਪਰਸੰਗ ਦੇਖੋ!
ਜਾਇ ਪੋਹਚ ਗਏ ਸਿਦਕੀ, ਨਨਕਾਣੇ,
ਕਰੀ ਮੂਲ ਨਾਹੀ ਕਾਈ ਸੰਗ ਦੇਖੋ!
ਹਸ ਹੱਸ ਸ਼ਹੀਦੀਆਂ ਪਾਏ ਗਈਆਂ,

ਕੀਤਾ ਦੂਤੀਆਂ ਦਾ ਮਾਣ ਭੰਗ ਦੇਖੋ!
ਬੀਰ ਹੋ ਸ਼ਹੀਦ ਜਰੂਰ ਗਏ,
ਐਪਰ ਖਾਲਸੇ ਨੂੰ ਗਏ ਡੰਗ ਦੇਖੋ!
ਖਿੜਿਆ ਬਾਗ ਸ਼ਹੀਦੀ ਦਾ ਅਜ ਦਿਸੇ,
ਲੱਗੇ ਫੁਲ ਬੂਟੇ ਰੰਗਾ ਰੰਗ ਦੇਖੋ!
ਗਈ ਖਿਜਾਂ ਤੇ ਆਈ ਬਹਾਰ ਸੋਹਣੀ,
ਮਾਣ ਹੋਗਿਆ ਦੂਰ ਫ੍ਰੰਗ ਦੇਖੋ!
ਨਰ ਮਿਟਣੇ ਨੂੰ ਹੈਨ ਤਿਆਰ ਸਾਰੇ,
ਸਿੱਖ ਕੁਲ ਅਮੀਰ ਤੇ ਨੰਗ ਦੇਖੋ!
ਜਦੋਂ ਲੋੜ ਪਵੇ ਪਿਆਰੀ ਕੌਮ ਤਾਂਈ,
ਛਾਲਾਂ ਮਾਰਦੇ ਵਾਂਗ ਪਲੰਗ ਦੇਖੋ!
ਸਾਰੇ ਵਗਦੀ ਵਾਓ ਅਜਾਦੜੀ ਦੀ,
ਸ਼ਾਂਤਮਈ ਸ਼ਹੀਦੀ ਦਾ ਰੰਗ ਦੇਖੋ!

# ਸ਼ਹੀਦਾਂ ਦੇ ਅੰਤਮ ਸਨੇਹੇ

ਅੱਜ ਦੇ ਦਿਹਾੜੇ ਪਿਆਰੇ ਪ੍ਰੀਤਮ ਦੇ ਦੇਸ਼ ਵਿਚ,
ਗੁਰੂ ਦੇ ਸਵਾਰੇ ਸੀਗ ਜਿੰਦੜੀ ਘੁਮਾ ਗਏ!
ਲਹੂ ਡੋਲ੍ਹ ਆਪਣਾ ਮਿਟਾਏ ਅੰਧਕਾਰ ਤਾਂਈ,
ਜਾਨਾਂ ਕੁਰਬਾਨ ਕਰ ਜਸ ਬੜੇ ਪਾ ਗਏ!
ਖੂਨ ਨੂੰ ਗੁਲਾਲ ਜਾਨਾਂ ਖੇਡ ਖੇਡ ਹੋਲੀਆਂ ਨੂੰ,
ਚੋਲੀਆਂ ਨੂੰ ਰੰਗ ਕੇਤੇ ਗੋਲੀਆਂ ਨੂੰ ਖਾ ਗਏ!
ਹੱਸ ਹੱਸ ਖਿੜੀ ਮਥੇ ਭਠੀਆਂ ਚ ਲੂਸ ਕੇਤੇ,

ਜਾਬਰਾਂ ਦੀ ਜਾਬਰੀ ਨੂੰ ਸਾਬਰ ਹਟਾ ਗਏ।
ਚਿੱਟੇ ਰੰਗ ਵਾਲਾ ਭਾਂਡਾ ਭਨਕੇ ਨਸ਼ੰਗ ਵੀਰੋ,
ਉੱਚੀ ਬੋਲ ਸਾਰਿਆਂ ਨੂੰ ਆਖਕੇ ਸੁਣਾ ਗਏ
ਮਿਲ ਗਿਆ ਬਦਲਾ ਅਸਾਨੂੰ ਸਾਰਾ ਖਾਲਸਾ ਜੀ,
ਯਾਰ ਨਾਲ ਯਾਰੀ ਅਸ[illegible] ਗੇਹਾਂਨਭ[illegible]ਏ
ਜਾਣਦੇ ਸਉ ਜਿਸ ਤਾਂਈ ਯਾਰ ਤਾ ਪੁਰਾਣੇ ਤੁਸੀਂ,
ਸਾਡੇ ਹੀ ਮੁਕਾਣੇ ਲਈ ਡੰਗ ਓਹ ਚਲਾ ਗਏ!
ਛਡ ਦੇਉ ਸਾਥ ਹੁਣ ਨੀਚ ਬਦਕਾਰ ਵਾਲਾ,
ਆਪ ਅਜ਼ਮਾਏ ਕੇ ਤੁਸਾਨੂੰ ਹਾਂ ਜਣਾ ਗਏ!
ਗੋਰੇ ਉਤੋਂ ਮੁਖ ਪਰ ਦਿਲ ਹੈਨ ਡਾਢੇ ਕਾਲੇ,
ਲਾਈ ਜੀਹਦੇ ਨਾਲ ਓਹਨੂੰ ਲੁੱਟ ਪੁੱਟ ਖਾ ਗਏ!
ਸਪਾਂ ਸੰਦੇ ਪੁਤ ਕਦੀ ਹੋਵਦੇ ਨ ਮਿਤ ਯਾਰੋ,
ਪਾਇਆ ਦੁਧ ਜਿਨੇ ਡੰਗ ਓਸ ਨੂੰ ਵੀ ਲਾ ਗਏ!
ਫਸਣਾ :ਕਿਦਾਈ ਨਾਹੀ ਜਾਲਮਾਂ ਦੀ ਚਾਲ ਵਿਚ,
ਸਕਿਓ ਭਰਾਓ! ਵੀਰੋ!! ਤੁਸਾਂ ਨੂੰ ਬਤਾ ਗਏ
ਗੁਰੂ ਧਾਮ ਹੋਣਗੇ 'ਆਜਾਦ' ਤਦੇ ਖਾਲਸਾ ਜੀ,! !
ਗੋਰੇ ਦਿਲਾਂ ਵਾਲਿਆਂ ਨੂੰ ਪਰਾਂ ਜੇ ਹਟਾ ਗਏ।

NATIONAL ARCHIVES LIBRARY
No 1948
Date 1.2.72
GOVT. OF INDIA

॥ਇਤੀ॥

# ਅੰਤਮ

ਐ ਪਿਤਾ ਦੇ ਰੂਪ ਹੁਰ ਪੰਥ ਸਾਰੇ,
ਅਸੀਂ ਆਪਣਾ ਫਰਜ਼ ਬਜਾਏ ਚੱਲੇ !
ਖੂਨ ਡੋਲਕੇ ਆਪਣੇ ਜਿਗਰ ਵਾਲਾ,
ਗੁਰੂ ਧਾਮ ਤੋਂ ਜਿੰਦ ਘੁਮਾਏ ਚੱਲੇ !
ਕਸ਼ਟ ਝੱਲਕੇ ਸਿਰਾਂ ਤੇ ਬੇਲੀਆ ਵੇ,
ਸਿੱਧੇ ਮੱਥੇ ਸ਼ਹੀਦੀਆਂ ਪਾਏ ਚੱਲੇ !
ਮੋਹ ਤੋੜਕੇ ਬਾਗ ਪਰਵਾਰ ਵਾਲਾ,
ਫਰਜ ਆਪਣਾ ਕਰ ਆਦਾਏ ਚੱਲੇ !

## ਇਕ ਅਰਜ਼ !

ਐ ਪਰ ਪੰਥ ਵੇ ਇਕ ਹੈ ਅਰਜ ਸਾਰੀ,
ਪਿਆਰੇ ਉਸਦੇ ਤਾਈਂ ਭੁਲਾਵਣਾਂ ਨਾਂ !
ਨੇਹੋਂ ਨਾਲ ਪਰਦੇਸੀਆਂ ਭੁਲ ਕੇ ਵੀ,
ਵੀਰਾ ਭੋਲਿਆਂ ਤੁਧਨੇ ਲਾਵਣਾਂ ਨਾਂ !
ਦੁਧ ਸਪਾਂ ਦੇ ਤਈਂ ਪਲਾਇ ਕੇ ਤੇ,
ਅਪਣੇ ਬਚਿਆਂ ਡੰਗ ਲਵਾਂਵਣਾਨਾਂ !
ਸ਼ਾਡੇ ਖੂਨ ਸੰਦਾ ਵੀਰਾ ਮੁਲ ਪਾਵੀਂ
ਕਦੀ ਵਿਚ ਭੁਲਾਂਇੜੇ ਆਵਣਾਂ ਨਾਂ !

# ਕੀ ਆਪ ਨੂੰ ਪਤਾ ਹੈ ?

ਕਿ ਅਸਾਂ ਸ੍ਰੀਅੰਮ੍ਰਿਤਸਰ ਜੀ ਗੁਰੂ ਕੀਨਗਰੀਵਿਖੇਬੜੇ ਚਿਰ ਤੋਂ ਇਕ ਦੁਕਾਨ ਖੋਲੀ ਹੋਈ ਹੈ, ਜਿਸਦਾ ਮੁਖ ਮਨਤਵ ਇਹ ਹੈ ਕਿ ਕੌਮ ਵਿਚ ਕੌਮੀ ਦਰਦ ਤੇ ਪਿਆਰ ਪੈਦਾ ਕੀਤਾ ਜਾਵੇ ਅਤੇ ਇਹ ਤਦ ਹੀ ਹੋ ਸਕਦਾ ਹੈ ਜਦ ਕਿ ਨਵੇਂ ਨਵੇਂ ਪੁਸਤਕ ਮੌਜੂਦਾ ਲਹਿਰ ਤੇ ਪ੍ਰਕਾਸ਼ਤ ਕੀਤੇ ਜਾਣ ਸੋ ਅਸਾਂ ਇਸ ਗਲ ਨੂੰ ਅਨਭਵ ਕਰਦਿਆਂ ਹੋਇਆਂ ਇਸ ਕਮ ਨੂੰ ਆਪਣੇ ਜ਼ਮੇ ਲਿਆ ਹੈ ਸੋ ਸਜਣ ਜੀ ਆਪ ਦਾ ਵੀ ਇਹ ਫਰਜ਼ ਹੈ ਕਿ ਸਾਡੀ ਲੜੀ ਦੀਆਂਨਿਕਲੀਆਂ ਪੁਸਤਕਾਂ ਜਰੂਰ ਮੰਗਵਾਕੇ ਪੜ੍ਹੋ ਤੇ ਸਦਾ ਲਈ ਪਕੇ ਗ੍ਰਾਹਕ ਬਣ ਜਾਵੋ ਤੇ ਫਰਿਸਤ ਮੁਫਤ ਮੰਗਾਵੋ।

ਪਤਾ ਸਦਾ ਯਾਦ ਰਖੋ:-

**ਭਾਈ ਭੋਲਾ ਸਿੰਘ ਮੇਹਰ ਸਿੰਘ ਪੁਸਤਕਾਂ ਵਾਲੇ**

**ਮਾਲਕ ਅਕਾਲ ਕੁਟੀਆ ਬੁਕ ਡੀਪੋ**

**ਬਾਜ਼ਾਰ ਮਾਈ ਸੇਵਾਂ ਅੰਮ੍ਰਿਤਸਰ**

# ਕੈਦੀ ਬੀਰ !

ਉਕਤ ਨਾਮ ਦਾ ਅਦਭੁਤ ਪੁਸਤਕ ਜਿਸ ਵਿੱਚ ਸ੍ਰਦਾਰ ਅਵਤਾਰ ਸਿੰਘ ਜੀ "ਆਜ਼ਾਦ" ਦੀਆਂ ਮਸ਼ਹੂਰ ੨ ਤੇ ਅਲੰਕ੍ਰਿਤ ਨਜ਼ਮਾਂ ਦਾ ਸੰਗ੍ਰਿਹ ਤਿਆਰ ਹੋ ਗਿਆ ਹੈ। ਇਹ ਕਵਿਤਾ 'ਅਕਾਲੀ ਤੇ ਪ੍ਰਦੇਸੀ' 'ਬਬਰ ਸ਼ੇਰ' 'ਪ੍ਰੀਤਮ' ਆਦਿ ਅਖਬਾਰਾਂ ਵਿੱਚ ਪ੍ਰਕਾਸ਼ਤ ਹੋ ਚੁਕੀਆਂ ਹਨ, ਤੇ ਜਿਨਾਂ ਦੀ ਕਦਰ ਪਾਠਕ ਜਨ ਪੜ੍ਹਕੇ ਹੀ ਪਾ ਸਕਦੇ ਹਨ, ਪੁਸਤਕ ਦਾ ਕਾਗ਼ਜ਼ ਛਪਾਈ ਆਦਿ ਨਿਹੈਤ ਹੀ ਸੁੰਦਰ ਹੈ, ਸੋ ਆਪ ਦੇਖਦੇ ਹੀ 'ਆਜ਼ਾਦ' ਜੀ ਦੀਆਂ ਦਿੱਲ ਉਭਾਰਨੀਆਂ ਕਵਿਤਾਂ ਪੜ੍ਹਨਲਈ ਅਜ ਹੀ ਹੇਠ ਲਿਖੇ ਪਤੇ ਤੇ ਖਤ ਭੇਜਕਰ ਮੰਗਾਓ, ਭੇਟਾ ॥=) ਡਾਕ ਖਰਚ ਸਮੇਤ ॥।=) ਅਤੇ ਜੇ ਡਾਕ ਦੇ ਖਰਚ ਤੋਂ ਬਚਨਾਂ ਚਾਹੁੰਦੇ ਹੋ ਤਾਂ ॥≡) ਦੇ ਟਿਕਟ ਭੇਜ ਦਿਓ ਨਹੀਂ ਤਾਂ ਦੂਜੀ ਐਡੀਸ਼ਨ ਦੀ ਉਡੀਕ ਕਰਨੀ ਪਊ।

ਮੰਗਾਨ ਦਾ ਪਤਾਃ—

**ਭਾ: ਭੋਲਾ ਸਿੰਘ ਮੇਹਰ ਸਿੰਘ ਪੁਸਤਕਾਂ ਵਾਲੇ**

ਮਾਲਕ ਅਕਾਲ ਕੁਟੀਆ ਬੁਕ ਡੀਪੋ,

ਬਾਜ਼ਾਰ ਮਾਈ ਸੇਵਾਂ ਅੰਮ੍ਰਿਤਸਰ।